MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St., Vancouver

ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL.: 10 ISSUE: 04 SATURDAY, 22 JANUARY, 2022
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

## ਚੀਨ ਵਲੋਂ ਓਮੀਕਰੋਨ ਕੈਨੇਡੀਅਨ ਡਾਕ ਰਾਹੀਂ ਆਉਣ ਦਾ ਦਾਅਵਾ ਕੈਨੇਡਾ ਵਲੋਂ ਖਾਰਜ

ਓਟਵਾ-ਚੀਨੀ ਹੈਲਥ ਅਧਿਕਾਰੀਆਂ ਵਲੋਂ ਕੀਤਾ ਇਹ ਦਾਅਵਾ ਕਿ ਓਮੀਕਰੋਨ ਵੈਰੀਐਂਟ ਬੀਜਿੰਗ ਦੇ ਰਹਿਣ ਵਾਲੇ ਇਕ ਵਿਅਕਤੀ ਨੂੰ ਕੈਨੇਡਾ ਤੋਂ ਆਈ ਨਿਯਮਤ ਡਾਕ ਦੀ ਇਕ ਚਿੱਠੀ ਤੋਂ ਹੋਇਆ ਹੈ ਨੂੰ ਕੈਨੇਡਾ ਨੇ ਹਾਸੋਹੀਣਾ ਕਹਿ ਕੇ ਖਾਰਜ ਕਰ ਦਿੱਤਾ ਹੈ। ਚੀਨ ਸਰਕਾਰ ਦੇ ਕੰਟਰੋਲ ਵਾਲੀ ਨਿਊਜ਼ ਆਉਟਲੈਟ ਨੇ ਪਹਿਲਾਂ ਇਹ ਰਿਪੋਰਟ ਦਿੱਤੀ ਕਿ ਬੀਜਿੰਗ ਦਾ ਰਹਿਣ ਵਾਲਾ ਇਕ ਵਿਅਕਤੀ ਕੈਨੇਡਾ ਤੋਂ ਆਏ ਇਕ ਪੱਤਰ ਜਾਂ ਪਾਰਸਲ ਪ੍ਰਾਪਤ ਕਰਨ ਦੇ ਸਿੱਟੇ ਵਜੋਂ ਲਾਗ ਤੋਂ ਪੀੜਤ ਹੋ ਗਿਆ। ਇਹ ਡਾਕ ਹਾਂਗਕਾਂਗ ਰਾਹੀਂ ਪਹੁੰਚੀ ਸੀ। ਚੀਨੀ ਰਿਪੋਰਟ ਨੇ ਬੀਜਿੰਗ ਸੈਂਟਰ ਫਾਰ ਡਿਸੀਜ਼ ਕੰਟਰੋਲ ਦੇ ਡਿਪਟੀ ਡਾਇਰੈਕਟਰ ਨੂੰ ਅਜਿਹਾ ਹੋਣ ਦੀ ਸੰਭਾਵਨਾ ਬਾਰੇ ਦੱਸਿਆ ਹੈ ਜਦਕਿ ਵਿਸ਼ਵ ਸਿਹਤ ਸੰਗਠਨ ਅਤੇ ਕੈਨੇਡਾ ਪੋਸਟ ਵਰਗੇ ਸੰਗਠਨਾਂ ਦਾ ਕਹਿਣਾ ਕਿ ਡਾਕ ਰਾਹੀਂ ਆਈ ਚਿੱਠੀ ਨਾਲ ਕੋਰੋਨਾਵਾਇਰਸ ਹੋਣ ਦੀ ਸੰਭਾਵਨਾ ਬਹੁਤ ਘੱਟ ਹੈ। ਯੂਨੀਵਰਸਿਟੀ ਆਫ ਓਟਵਾ ਵਿਖੇ ਚੀਨੀ ਮਾਹਿਰ ਮਾਰਗਰੇਟ ਮੈਕਕੁਏਗ ਜੌਹਨਸਟਨ ਜਿਸ ਨੇ ਚੀਨ ਮੁੱਦਿਆਂ 'ਤੇ ਕੰਮ ਕਰਦੇ ਹੋਏ ਫੈਡਰਲ ਪਬਲਿਕ ਸਰਵਿਸ ਵਿਚ ਤਿੰਨ ਦਹਾਕੇ ਤੋਂ ਵੀ ਜ਼ਿਆਦਾ ਸਮਾਂ ਬਤੀਤ ਕੀਤਾ ਹੈ ਨੇ ਕਿਹਾ ਕਿ ਇਹ ਕਹਿਣਾ ਹਾਸੋਹੀਣਾ ਹੈ ਕਿ ਵਾਇਰਸ ਇਕ ਲਿਫਾਫੇ ਜਾਂ ਇਕ ਪੈਕੇਜ 'ਤੇ ਜਿਉਂਦਾ ਰਹਿ ਸਕਦਾ ਹੈ ਜਿਸ ਨੇ ਅੰਤਰਰਾਸ਼ਟਰੀ ਡਾਕ ਰਾਹੀਂ ਇੰਨੀ ਦੂਰੀ ਤਹਿ ਕੀਤੀ ਹੋਵੇ। ਮੈਕਕੁਏਗ-ਜੌਹਨਸਟਨ ਨੇ ਕਿਹਾ ਕਿ ਚੀਨੀ ਦੋਸ਼ ਤੋਂ ਪਤਾ ਲਗਦਾ ਹੈ ਕਿ ਚੀਨੀ ਲੀਡਰਸ਼ਿਪ 2018 ਵਿਚ ਉਚ ਤਕਨੀਕੀ ਐਗਜ਼ੀਕਿਊਟਿਵ ਮੇਂਗ ਵੈਂਗਜ਼ੂ ਦੀ ਗ੍ਰਿਫਤਾਰੀ ਨੂੰ ਲੈ ਕੇ ਲੰਬਾ ਸਮਾਂ ਚੱਲੇ ਵਿਵਾਦ ਪਿੱਛੋਂ ਅਜੇ ਵੀ ਕੈਨੇਡਾ ਨੂੰ ਨਿਸ਼ਾਨਾ ਬਣਾ ਰਹੀ ਹੈ। ਵੈਂਗਜ਼ੂ ਖਿਲਾਫ ਪਿਛਲੇ ਸਾਲ ਹਵਾਲਗੀ ਮਾਮਲਾ ਬੰਦ ਕਰ ਦਿੱਤਾ ਗਿਆ ਸੀ ਅਤੇ ਉਸ ਨੂੰ ਚੀਨ ਵਾਪਸ ਜਾਣ ਦੀ ਇਜਾਜ਼ਤ ਦਿੱਤੀ ਗਈ ਸੀ।

# ਪ੍ਰਧਾਨ ਮੰਤਰੀ ਟਰੂਡੋ ਵਲੋਂ ਯੂਕਰੇਨ ਦੀ ਸਹਾਇਤਾ ਕਰਨ ਦਾ ਵਾਅਦਾ

## ਕੈਨੇਡੀਅਨ ਜੰਗੀ ਬੇੜਾ ਕਾਲੇ ਸਾਗਰ ਲਈ ਰਵਾਨਾ

ਓਟਵਾ-ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਯੂਕਰੇਨ ਦੀ ਸਹਾਇਤਾ ਕਰਨ ਦਾ ਵਾਅਦਾ ਕੀਤਾ ਹੈ। ਕੈਨੇਡੀਅਨ ਜੰਗੀ ਬੇੜਾ



ਰੂਸ ਨੇੜੇ ਯੂਰਪ ਤੇ ਕਾਲੇ ਸਾਗਰ ਲਈ ਰਵਾਨਾ ਹੋ ਗਿਆ ਹੈ ਅਤੇ ਟਰੂਡੋ ਨੇ ਯੂਕਰੇਨ ਵਿਚ ਰੂਸੀ ਹਮਲੇ ਦੇ ਖਦਸ਼ੇ ਨੂੰ ਸਵੀਕਾਰ ਕੀਤਾ ਹੈ। ਟਰੂਡੋ ਨੇ ਰੂਸ 'ਤੇ ਯੂਕਰੇਨ ਨਾਲ ਲੜਾਈ ਸ਼ੁਰੂ ਕਰਨ ਦਾ ਦੋਸ਼ ਲਗਾਇਆ ਹੈ ਅਤੇ ਯੂਕਰੇਨ ਦੇ ਲੋਕ, ਜੰਗ ਜਿਹਨਾਂ ਦੇ ਬੂਹੇ 'ਤੇ ਹਨ ਕਿਉਂਕਿ ਇਕ ਲੱਖ ਰੂਸੀ ਸੈਨਿਕ ਦੇਸ਼ ਦੀ ਪੂਰਬੀ ਸਰਹੱਦ 'ਤੇ ਜਮ੍ਹਾਂ ਹੋ ਗਏ ਹਨ ਨੂੰ ਕੈਨੇਡਾ ਦੀ ਸਹਾਇਤਾ ਦਾ ਵਾਅਦਾ ਕੀਤਾ ਹੈ। ਜਦੋਂ ਉਨ੍ਹਾਂ ਨੂੰ ਵੇਰਵੇ ਦੇਣ ਬਾਰੇ ਪੁੱਛਿਆ ਗਿਆ ਤਾਂ ਪ੍ਰਧਾਨ ਮੰਤਰੀ ਨੇ ਹੋਰ ਕੋਈ ਜਾਣਕਾਰੀ ਨਹੀਂ ਦਿੱਤੀ ਕਿ ਕੀ ਸਰਕਾਰ ਯੂਕਰੇਨ ਵਿਚ 200 ਸੈਨਿਕਾਂ ਦੇ ਕੈਨੇਡੀਅਨ ਸਿਖਲਾਈ ਮਿਸ਼ਨ ਨੂੰ ਵਧਾਵੇਗੀ ਜਾਂ ਨਹੀਂ ਜਿਨ੍ਹਾਂ ਦਾ ਸਮਾਂ ਮਾਰਚ ਦੇ ਅਖੀਰ ਵਿਚ ਖਤਮ ਹੋ ਜਾਵੇਗਾ। ਉਨ੍ਹਾਂ ਇਸ ਗੱਲ ਬਾਰੇ ਵੀ ਕੁਝ ਕਹਿਣ ਤੋਂ ਇਨਕਾਰ ਕਰ ਦਿੱਤਾ ਕਿ ਕੀ ਕੈਨੇਡਾ ਯੂਕਰੇਨ ਦੀ ਹਥਿਆਰਾਂ ਬਾਰੇ ਲੰਬੇ ਸਮੇਂ ਤੋਂ ਚਲੀ ਆ ਰਹੀ ਬੇਨਤੀ ਦਾ ਜਵਾਬ ਦੇਵੇਗਾ ਜਾਂ ਨਹੀਂ। ਪਿਛਲੇ ਹਫਤੇ ਬਰਤਾਨੀਆਂ ਨੇ ਐਲਾਨ ਕੀਤਾ ਸੀ ਕਿ ਉਹ ਪੂਰਬੀ ਯੂਰਪੀਨ ਦੇਸ਼ ਨੂੰ ਟੈਂਕ ਵਿਰੋਧੀ ਹਥਿਆਰਾਂ ਦੀ ਸਪਲਾਈ ਕਰੇਗਾ। ਉਨ੍ਹਾਂ ਕਿਹਾ ਕਿ ਜਦੋਂ ਅਸੀਂ ਯੂਕਰੇਨ ਦੇ ਲੋਕਾਂ ਦੀ ਬਿਹਤਰ ਸਹਾਇਤਾ ਦਾ ਫ਼ੈਸਲਾ ਲੈਣਾ ਹੁੰਦਾ ਹੈ ਤਾਂ ਅਸੀਂ ਬਹੁਤ ਸਾਰੀਆਂ ਗੱਲਾਂ ਨੂੰ ਧਿਆਨ ਵਿਚ ਰੱਖਦੇ ਹਾਂ। ਮੁੱਖ ਗੱਲ ਇਹ ਹੈ ਕਿ ਅਸੀਂ ਕਈ ਪੱਧਰਾਂ ਅਤੇ ਸਹਾਇਤਾ ਦੀਆਂ ਪਰਤਾਂ ਰਾਹੀਂ ਯੂਕਰੇਨ ਦੇ ਲੋਕਾਂ ਦੀ ਸਹਾਇਤਾ ਜਾਰੀ ਰੱਖਾਂਗੇ। ਟਰੂਡੋ ਨੇ ਇਹ ਨਹੀਂ ਕਿਹਾ ਕਿ ਜੇਕਰ ਰੂਸ ਹਮਲਾ ਕਰਦਾ ਹੈ ਤਾਂ ਯੂਕਰੇਨ ਵਿਚ ਤਾਇਨਾਤ 200 ਕੈਨੇਡੀਅਨ ਸੁਰੱਖਿਆ ਸੈਨਿਕਾਂ ਅਤੇ ਕੀਵ ਵਿਚ ਉਨ੍ਹਾਂ ਦੇ ਕੂਟਨੀਤਕ ਸਹਿਯੋਗੀਆਂ ਦਾ ਕੀ ਬਣੇਗਾ, ਸਿਰਫ ਇਹ ਦਾਅਵਾ ਕੀਤਾ ਕਿ ਹੰਗਾਮੀ ਯੋਜਨਾਵਾਂ ਤਿਆਰ ਕੀਤੀਆਂ ਜਾ ਰਹੀਆਂ ਹਨ।

For All Kind of Real Estate Needs
ਕਾਬਲੀਅਤ, ਤਜ਼ਰਬਾ ਅਤੇ ਸਮਝਦਾਰੀ...
ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
* Stats from Fraser Valley Board 2020-2021
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇੰਟਮੇਂਟ
ARVINDER S- KALSEY
AVINEET S- KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
#24 - 7711 128 St., Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
Sher Singh Grewal 778-723-6900
Jaskaran Singh 778-636-4086

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Punjab Insurance Agency Inc.
ਸੁਪਰ ਵੀਜ਼ਾ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ • ਮੋਰਟਗੇਜ ਇੰਸ਼ੋਰੈਂਸ
- ਡਿਸੇਬੀਲੀਟੀ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- RRSP & RESP
RASHMI AHUJA 604-603-1313 rashmi@punjabinsurance.ca
www.punjabinsurance.ca
SANDEEP AHUJA, CHS 604-996-6862 sandeepahuja@punjabinsurance.ca

ਕਰੰਸੀ ਐਕਸਚੇਂਜ ਦੇ ਕਾਰੋਬਾਰ ਵਿੱਚ 18 ਸਾਲ ਤੋਂ ਰੇਟ ਅਤੇ ਭਰੋਸੇ ਦਾ ਪਰਖਿਆ ਹੋਇਆ ਨਾਮ
NEW WAY FOREIGN EXCHANGE LTD.
ਭਾਰਤ ਦੇ ਕਿਸੇ ਵੀ ਕੋਨੇ ਤੋਂ ਪੈਸੇ ਭੇਜਣ ਜਾਂ ਮੰਗਵਾਉਣ ਲਈ ਇਕ ਹੀ ਨਾਮ ਯਾਦ ਰੱਖੋ
24 Hour Service Available
Narinder S Tuli
604.760.7257
778.700.1032
#207-7928-128 St. (York Business Centre), Surrey

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

MORTGAGE SPECIALIST!
Residential Construction, Commercial and Private Mortgages
- Pre - Approval available in 24 Hours
- rate hold - 120 days
- Bad credit also welcome
AMANDEEP DUGGAL MORTGAGE BROKER
A Better Way
604-368-2030
604-227-9694
# 102-6321 King George Blvd, Surrey

TRANSource FREIGHTWAYS
*First Time
Pin to Pin
(ਯਾਰਡ ਤੋਂ ਯਾਰਡ)
ਕੰਮ ਲਈ Drivers & Owner Operators ਚਾਹੀਦੇ ਹਨ
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
SUKHBIR SINGH
604.525.0527 Ext. 112

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਓ
Lakhvir Singh Grewal: 778-881-0002

S|T &|A Simpson, Thomas & Associates
TRIAL LAWYERS

CELEBRATING 50 YEARS
*"The name that you know and trust"*

"Simpson, Thomas & Associates are a legal dream team. No other law firm could have fought this claim as it takes a lot of resources to fight a case of this nature."
– Former client commenting on the Jago wedding tragedy

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB ACCREDITED BUSINESS

"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."
– B.Sekhon

Our history of successfully settling ICBC claims has garnered respect from our clients, and within the legal and rehabilitation communities in B.C.

- Brain Injury
- Paraplegia
- Quadriplegia
- Spinal Cord Injury

**Translation Services Available**
STA has support staff fluent in Punjabi, Hindi and Gujarati.

**Your Needs Come First**
If mobility is a challenge, we can come to you.



Adam Ueland
LAWYER

**Call Simpson, Thomas & Associates at 604-229-6448 to request a free initial legal consultation or fill out our online form on simpsonthomas.com**

We have offices in Vancouver, Surrey/Delta, Abbotsford* and Burnaby.*
*By appointment only

Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL : 10 ISSUE : 04 SATURDAY, 22 JANUARY, 2022
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
App Store
Google play
24 Hour Online Radio
ਪ੍ਰਭ ਕੀ ਬਾਣੀ
6.00am to 8:00am
ਕੁੱਝ ਖਬਰਾਂ ਕੁੱਝ ਗੀਤ
12:00pm to 2:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com

# ਆਮ ਆਦਮੀ ਪਾਰਟੀ ਨੇ ਭਗਵੰਤ ਮਾਨ ਨੂੰ ਮੁੱਖ ਮੰਤਰੀ ਦਾ ਚਿਹਰਾ ਐਲਾਨਕੇ ਸਿਆਸੀ ਵਿਰੋਧੀਆਂ ਨੂੰ ਠਿੱਬੀ ਲਗਾਈ

## ਮਾਨ ਧੂਰੀ ਤੋਂ ਲੜਨਗੇ ਵਿਧਾਨ ਸਭਾ ਚੋਣ

ਸੰਗਰੂਰ-ਪੰਜਾਬ ਵਿਧਾਨ ਸਭਾ ਚੋਣਾਂ ਲਈ ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਦੇ ਚਿਹਰੇ ਬਾਰੇ ਪੰਜਾਬ ਦੇ ਸਿਆਸੀ ਹਲਕਿਆਂ 'ਚ ਭਾਵੇਂ ਕਈ ਤਰ੍ਹਾਂ ਦੇ ਕਿਆਸ ਲੱਗ ਰਹੇ ਸਨ ਅਤੇ ਉਪਰੋਂ ਵਿਰੋਧੀ ਪਾਰਟੀਆਂ ਵਲੋਂ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਉਪਰ ਵੀ ਸਿਆਸੀ ਤਨਜ਼ ਕੱਸੇ ਜਾ ਰਹੇ ਸਨ, ਪਰ 'ਆਪ' ਪੰਜਾਬ ਦੇ ਪ੍ਰਧਾਨ ਤੇ ਸੰਗਰੂਰ ਹਲਕੇ ਤੋਂ ਸੰਸਦ ਮੈਂਬਰ ਭਗਵੰਤ ਮਾਨ ਨੂੰ ਮੁੱਖ ਮੰਤਰੀ ਦਾ ਚਿਹਰਾ ਐਲਾਨਣ ਨਾਲ ਸਾਰੀਆਂ ਸਿਆਸੀ ਕਿਆਸਰਾਈਆਂ ਦਾ ਅੰਤ ਹੋ ਗਿਆ ਹੈ। ਕੇਜਰੀਵਾਲ ਨੇ ਪੰਜਾਬ ਦੇ ਲੋਕਾਂ ਦੀ ਰਾਇ ਨਾਲ ਭਗਵੰਤ ਮਾਨ ਨੂੰ ਮੁੱਖ ਮੰਤਰੀ ਦਾ ਚਿਹਰਾ ਐਲਾਨ ਕੇ ਨਵਾਂ ਸਿਆਸੀ ਪੱਤਾ ਖੇਡਿਆ ਹੈ। ਉਨ੍ਹਾਂ ਦਰਸਾ ਦਿੱਤਾ ਹੈ ਕਿ ਜਿਸ ਨੂੰ ਪੰਜਾਬ ਦੇ ਲੋਕ ਚਾਹੁੰਦੇ ਹਨ, ਉਸੇ ਆਗੂ ਨੂੰ ਹੀ ਪਾਰਟੀ ਨੇ ਚਿਹਰਾ ਬਣਾਇਆ ਹੈ। ਚੇਤੇ ਰਹੇ ਕਿ ਅਰਵਿੰਦ ਕੇਜਰੀਵਾਲ ਨੇ ਪਹਿਲਾਂ ਹੀ ਐਲਾਨ ਕਰ ਦਿੱਤਾ ਸੀ ਕਿ 'ਆਪ' ਦਾ ਮੁੱਖ ਮੰਤਰੀ ਉਮੀਦਵਾਰ ਪੰਜਾਬ ਤੋਂ ਹੀ ਕੋਈ ਸਿੱਖ ਚਿਹਰਾ ਹੋਵੇਗਾ, ਜਿਸ ਉਪਰ ਪੰਜਾਬ ਦੇ ਲੋਕ ਮਾਣ ਕਰਨਗੇ। ਇਸ ਮਗਰੋਂ ਕਿਸਾਨ ਆਗੂ ਬਲਵੀਰ ਸਿੰਘ ਰਾਜੇਵਾਲ ਅਤੇ ਉੱਘੇ ਸਮਾਜ ਸੇਵੀ ਡਾ. ਐਸ.ਪੀ. ਸਿੰਘ ਉਬਰਾਏ ਦੇ ਨਾਵਾਂ ਦੀ ਵੀ ਚਰਚਾ ਚਲਦੀ ਰਹੀ। ਇਸ ਤੋਂ ਇਲਾਵਾ ਨਵਜੋਤ ਸਿੰਘ ਸਿੱਧੂ ਦਾ ਨਾਂ ਵੀ ਉਭਰ ਕੇ ਸਾਹਮਣੇ ਆਇਆ, ਪਰ ਉਨ੍ਹਾਂ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾਏ ਜਾਣ ਮਗਰੋਂ ਇਹ ਕਿਆਸਰਾਈਆਂ ਵੀ ਠੱਪ ਹੋ ਗਈਆਂ। ਕਿਸਾਨ ਆਗੂ ਬਲਵੀਰ ਸਿੰਘ ਰਾਜੇਵਾਲ ਦੀ ਅਗਵਾਈ ਹੇਠ ਪੰਜਾਬ ਦੀਆਂ 22 ਕਿਸਾਨ



ਜਥੇਬੰਦੀਆਂ ਵਲੋਂ ਸੰਯੁਕਤ ਸਮਾਜ ਮੋਰਚਾ ਬਣਾ ਕੇ ਪੰਜਾਬ ਵਿਧਾਨ ਸਭਾ ਚੋਣਾਂ ਲੜਨ ਦੇ ਫੈਸਲੇ ਮਗਰੋਂ ਸਥਿਤੀ ਸਪਸ਼ਟ ਹੋ ਗਈ ਸੀ ਕਿ ਹੁਣ 'ਆਪ' ਵਲੋਂ ਮੁੱਖ ਮੰਤਰੀ ਦਾ ਚਿਹਰਾ ਭਗਵੰਤ ਮਾਨ ਹੀ ਹੋਣਗੇ, ਪਰ ਚਿਹਰਾ ਐਲਾਨਣ 'ਚ ਹੋ ਰਹੀ ਦੇਰੀ ਕਾਰਨ 'ਸਸਪੈਂਸ' ਬਰਕਰਾਰ ਸੀ। ਪਾਰਟੀ ਵਲੋਂ ਮੁੱਖ ਮੰਤਰੀ ਦਾ ਚਿਹਰਾ ਨਾ ਐਲਾਨਣ ਕਾਰਨ ਭਗਵੰਤ ਮਾਨ ਪਿਛਲੇ ਸਾਲ ਅਗਸਤ ਵਿੱਚ ਸਿਆਸੀ ਸਰਗਰਮੀਆਂ ਤੋਂ ਕਥਿਤ ਕਿਨਾਰਾ ਕਰ ਕੇ ਘਰ ਬੈਠ ਗਏ ਸਨ। ਆਖ਼ਰਕਾਰ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ 28 ਅਕਤੂਬਰ ਨੂੰ ਇਥੇ ਭਗਵੰਤ ਮਾਨ ਦੇ ਗਿਲੇ ਸ਼ਿਕਵੇ ਦੂਰ ਕਰਨ ਲਈ ਪੁੱਜੇ ਸਨ। ਜਿਸ ਮਗਰੋਂ ਹੀ ਭਗਵੰਤ ਮਾਨ ਦੇ ਮੁੱਖ ਮੰਤਰੀ ਦਾ ਚਿਹਰਾ ਬਣਨ ਦਾ ਰਾਹ ਖੁੱਲ੍ਹ ਗਿਆ ਸੀ।

### ਭਗਵੰਤ ਮਾਨ ਧੂਰੀ ਤੋ ਉਮੀਦਵਾਰ

ਆਮ ਆਦਮੀ ਪਾਰਟੀ (ਆਪ) ਵੱਲੋਂ ਮੁੱਖ ਮੰਤਰੀ ਦੇ ਉਮੀਦਵਾਰ ਐਲਾਨੇ ਭਗਵੰਤ ਮਾਨ ਧੂਰੀ ਤੋਂ ਪੰਜਾਬ ਵਿਧਾਨ ਸਭਾ ਦੀ ਚੋਣ ਲੜਨਗੇ। ਇਥੇ ਪਾਰਟੀ ਦੇ ਚੋਣ ਦਫ਼ਤਰ ਵਿੱਚ ਇਹ ਐਲਾਨ ਕਰਦਿਆਂ ਪੰਜਾਬ ਮਾਮਲਿਆਂ ਦੇ ਸਹਿ-ਇੰਚਾਰਜ ਤੇ ਦਿੱਲੀ ਦੇ ਵਿਧਾਇਕ ਰਾਘਵ ਚੱਢਾ ਨੇ ਕਿਹਾ ਕਿ ਸੂਬੇ ਦੇ ਲੋਕ ਭਗਵੰਤ ਮਾਨ ਨੂੰ ਪੰਜਾਬ ਵਿੱਚ ਸੱਤਾ ਪਰਿਵਰਤਨ ਲਈ ਸ਼ਾਹ ਅਸਵਾਰ ਮੰਨਦੇ ਹਨ। ਉਨ੍ਹਾਂ ਕਿਹਾ ਕਿ ਮਾਨ ਲੋਕਾਂ ਦੇ ਦੁੱਖਾਂ ਤੇ ਖ਼ੁਸ਼ੀਆਂ ਦੇ ਭਾਈਵਾਲ ਹਨ। ਉਨ੍ਹਾਂ ਦੇ ਦਿਲ ਵਿੱਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਉਜਾੜੇ ਦਾ ਦਰਦ ਹੈ। ਉਨ੍ਹਾਂ ਦਾਅਵਾ ਕੀਤਾ ਕਿ ਭਗਵੰਤ ਮਾਨ ਧੂਰੀ ਤੋਂ ਰਿਕਾਰਡ ਵੋਟਾਂ ਨਾਲ ਜਿੱਤ ਕੇ ਪੰਜਾਬ ਦੇ ਅਗਲੇ ਮੁੱਖ ਮੰਤਰੀ ਹੋਣਗੇ।

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸਪੰਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC

| EDUCATION ASSISTANT $8000 | HEALTH CARE ASSISTANT $5250 | PHARMACY ASSISTANT $5500 | CERTIFIED DENTAL ASSISTANT $14,000 |
|---|---|---|---|
| WAGES:$24-$28 PER HOUR | WAGES:$17-$26.50 PER HOUR | WAGES:$19.61-$27.30 PER HOUR | WAGES:$26-$30 PER HOUR |

ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey
Unit 201-8318 120 St.
Abbotsford
Unit 201-3670 Townline Rd.
South Surrey
Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੇਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਵੈਟਰਨ ਹਾਕੀ ਉਲੰਪੀਅਨ ਤੇ ਕੋਚ ਸਰਪਾਲ ਸਿੰਘ ਜੀਵਨ ਭਰ ਦੀਆਂ ਪ੍ਰਾਪਤੀਆਂ ਲਈ ਦਰੋਣਚਾਰੀਆ ਐਵਾਰਡ ਨਾਲ ਸਨਮਾਨਿਤ

ਨਵੀ ਦਿੱਲੀ- ਵੈਟਰਨ ਹਾਕੀ ਉਲੰਪੀਅਨ ਅਤੇ ਦਰਜਨਾਂ ਉਲੰਪੀਅਨ ਤੇ ਕੌਮਾਂਤਰੀ ਖਿਡਾਰੀ ਪੈਦਾ ਕਰਨ ਵਾਲੇ ਹਾਕੀ ਕੋਚ ਸਰਪਾਲ ਸਿੰਘ ਨੂੰ ਭਾਰਤ ਸਰਕਾਰ ਵਲੋਂ ਜੀਵਨ ਭਰ ਦੀ ਪ੍ਰਾਪਤੀਆਂ ਲਈ ਦਰੋਣਾਚਾਰੀਆ ਐਵਾਰਡ 2021 ਨਾਲ ਸਨਮਾਨਿਤ ਕੀਤਾ ਗਿਆ ਹੈ। ਸ ਸਰਪਾਲ ਸਿੰਘ ਜਿਹਨਾਂ ਨੇ ਕੌਮੀ ਪੱਧਰ ਤੇ ਭਾਰਤੀ ਰੇਲਵੇ ਤੇ ਕੌਮਾਂਤਰੀ ਤੇ ਉਲੰਪਿਕ ਪੱਧਰ ਤੇ ਭਾਰਤੀ ਟੀਮ ਦੀ ਅਗਵਾਈ ਕਰਦਿਆਂ ਫੀਲਡ ਹਾਕੀ ਵਿਚ ਭਾਰੀ ਨਾਮਣਾ ਖੱਟਿਆ। ਉਹਨਾਂ ਰਾਊਂਡਗਲਾਸ ਸਪੋਰਟਸ ਦੇ ਫਾਊਂਡਰ ਡਾਇਰੈਕਟਰ ਵਜੋ ਪੰਜਾਬ ਤੇ ਭਾਰਤ ਵਿਚ ਖੇਡ ਸਭਿਆਚਾਰ ਪੈਦਾ ਕਰਦਿਆਂ ਬੱਚਿਆਂ ਤੇ ਨੌਜਵਾਨ ਖਿਡਾਰੀਆਂ ਨੂੰ ਹਾਕੀ, ਫੁੱਟਬਾਲ, ਟੈਨਿਸ ਤੇ ਹੋਰ ਖੇਡਾਂ ਵਿਚ ਪ੍ਰਤਿਭਾ ਨਿਖਾਰਨ ਦਾ ਮੌਕਾ ਪ੍ਰਦਾਨ ਕਰ ਰਹੇ ਹਨ। ਅਣਵੰਡੇ ਭਾਰਤ ਵਿਚ 24 ਅਕਤੂਬਰ 1932 ਨੂੰ ਲਾਹੌਰ ਵਿਚ ਜਨਮੇ ਅੰਤਰਰਾਸ਼ਟਰੀ ਖਿਡਾਰੀ ਤੇ ਕੋਚ ਸਰਪਾਲ ਸਿੰਘ ਨੇ ਛੋਟੀ ਉਮਰ ਵਿਚ ਹੀ ਹਾਕੀ ਖੇਡਣੀ ਸ਼ੁਰੂ ਕਰ ਦਿੱਤੀ ਸੀ। ਉਨ੍ਹਾਂ ਨੇ ਖਾਲਸਾ ਹਾਈ ਸਕੂਲ ਲਾਹੌਰ ਵਿਚ 7 ਸਾਲਾਂ ਦੀ ਉਮਰ ਵਿਚ ਹਾਕੀ ਫੜੀ ਸੀ ਅਤੇ ਮੁੜ ਕੇ ਪਿੱਛਾ ਨਹੀਂ ਦੇਖਿਆ। ਉਹਨਾਂ ਦੇ ਖੇਡ ਪ੍ਰਤੀ ਲਗਾਅ ਨੂੰ ਦੇਖਦੇ ਹੋਏ ਉਸ ਨੂੰ ਛੇਤੀ ਹੀ ਸਕੂਲ ਦੀ ਹਾਕੀ ਟੀਮ ਵਿਚ ਸ਼ਾਮਿਲ ਕਰ ਲਿਆ ਜਿਸ ਦਾ ਉਹ ਕਪਤਾਨ ਬਣ ਗਿਆ। ਦੇਸ਼ ਦੀ ਵੰਡ ਤੋਂ ਬਾਅਦ ਵੀ ਉਨ੍ਹਾਂ ਦਾ ਹਾਕੀ ਪ੍ਰਤੀ ਜਾਨੂੰਨ ਜਾਰੀ ਰਿਹਾ। ਸਰਪਾਲ ਸਿੰਘ ਮਹਿੰਦਰਾ ਕਾਲਜ ਵਿਚ ਪੜੇ ਅਤੇ 1951 ਤੋਂ 52 ਤੱਕ



ਵੈਟਰਨ ਹਾਕੀ ਖਿਡਾਰੀ ਸਰਪਾਲ ਸਿੰਘ ਟੋਰਾਂਟੋ ਵਿਖੇ ਸ: ਤਰਸੇਮ ਸਿੰਘ ਬੈਂਸ ਤੇ ਹੋਰ ਮਿੱਤਰਾਂ ਨਾਲ।

ਕਾਲਜ ਹਾਕੀ ਟੀਮ ਦਾ ਕਪਤਾਨ ਰਹੇ। ਅੰਤਰ-ਵਰਸਿਟੀ ਟੂਰਨਾਮੈਂਟ ਵਿਚ ਪੰਜਾਬ ਯੂਨੀਵਰਸਿਟੀ ਦੀ ਪ੍ਰਤੀਨਿਧਤਾ ਕੀਤੀ ਅਤੇ 1951-54 ਤਕ ਅੰਤਰ-ਵਰਸਿਟੀ ਚੈਂਪੀਸ਼ਨਸ਼ਿਪ ਜਿੱਤੀ। ਨੈਸ਼ਨਲ ਚੈਂਪੀਅਨਸ਼ਿਪ ਲਈ ਪੈਪਸੂ ਸਟੇਟ ਹਾਕੀ ਟੀਮ ਦੀ ਪ੍ਰਤੀਨਿਧਤਾ ਕੀਤੀ। ਉਨ੍ਹਾਂ ਨੂੰ 1950 ਵਿਚ ਅਫਗਾਨਿਸਤਾਨ ਟੂਰ ਲਈ ਭਾਰਤੀ ਟੀਮ ਵਿਚ ਸ਼ਾਮਿਲ ਕੀਤਾ ਗਿਆ। ਸਰਪਾਲ ਸਿੰਘ ਨੇ ਕਈ ਟੀਮਾਂ ਦੀ ਕੋਚਿੰਗ ਵੀ ਕੀਤੀ। ਉਹ ਨੌਰਦਰਨ ਰੇਲਵੇ ਹਾਕੀ ਟੀਮ ਅਤੇ ਘਾਨਾ ਦੀ ਨੈਸ਼ਨਲ ਹਾਕੀ ਟੀਮ ਦੇ ਕੋਚ ਰਹੇ। ਪੇਸ਼ਾਵਰ ਗੋਲਫਰ ਵਜੋਂ ਸਰਪਾਲ ਸਿੰਘ ਨੇ ਨੌਰਦਰਨ ਰੇਲਵੇ ਅਤੇ ਇੰਡੀਅਨ ਰੇਲਵੇ ਦੀ ਵੀ ਨੁਮਾਇੰਦਗੀ ਕੀਤੀ। ਭਾਰਤ ਸਰਕਾਰ ਵਲੋਂ ਉਹਨਾਂ ਨੂੰ ਜੀਵਨ ਭਰ ਦੀਆਂ ਪ੍ਰਾਪਤੀਆਂ ਲਈ ਦਰੋਣਾਚਾਰੀਆ ਐਵਾਰਡ ਪ੍ਰਦਾਨ ਕੀਤੇ ਜਾਣ ਲਈ ਉਹਨਾਂ ਭਾਰਤ ਸਰਕਾਰ ਦੇ ਯੁਵਕ ਤੇ ਖੇਡ ਮੰਤਰਾਲੇ ਦਾ ਧੰਨਵਾਦ ਕੀਤਾ ਹੈ। ਉਹਨਾਂ ਕਿਹਾ ਕਿ ਭਾਰਤ ਸਰਕਾਰ ਵਲੋਂ ਉਹਨਾਂ ਦੀਆਂ ਖੇਡ ਸੇਵਾਵਾਂ ਨੂੰ ਮਾਨਤਾ ਦੇਣਾ ਹਾਕੀ ਦਾ ਸਨਮਾਨ ਹੈ। ਸ ਸਰਪਾਲ ਸਿੰਘ ਦੇ ਬੇਟੇ ਗੁਰਪ੍ਰੀਤ ਸਿੰਘ ਸੰਨੀ ਜੋ ਕਿ ਰਾਊਂਡਗਲਾਸ ਸਪੋਰਟਸ ਦੇ ਫਾਊਂਡਰ ਹਨ, ਨੇ ਆਪਣੇ ਪਿਤਾ ਨੂੰ ਦਰੋਣਾਚਾਰੀਆ ਐਵਾਰਡ ਮਿਲਣ ਦੇ ਖੁਸ਼ੀ ਜ਼ਾਹਰ ਕੀਤੀ ਹੈ। ਜ਼ਿਕਰਯੋਗ ਹੈ ਕਿ ਸ ਸਰਪਾਲ ਸਿੰਘ ਵਲੋਂ ਆਪਣੇ ਹਾਕੀ ਤੇ ਖੇਡ ਸਫਰ ਨੂੰ ਸਮਰਪਿਤ ਜੀਵਨੀ ਪੁਸਤਕ "ਏ ਲਵਿੰਗ ਲਾਈਫ" ਵੀ ਖਿਡਾਰੀਆਂ ਤੇ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਹੈ।

EVERSHINE FAMILY DENTISTRY
"Healthy beautiful Smiles"
Fillings, Extractions, Deep Cleaning, Crown and Bridge, Root Canals, Digital X-Rays
Practising for more than 11 years
111 - 7130 120 Street Surrey, BC V3W 3M8
(Near Guru Nanak Sikh Gurdwara) Located Ground Floor of Satnam Plaza
www.evershinedental.ca
604-593-6515



Dr. Anjanpal Kaur Bhalla

## ਏਟੀਐਮ 'ਚ ਕੈਸ਼ ਜਮ੍ਹਾਂ ਕਰਵਾ ਰਹੇ ਵਿਅਕਤੀ ਦੀ ਲੁੱਟਖੋਹ ਕਰਨ ਵਾਲਾ ਗ੍ਰਿਫਤਾਰ

ਸਰੀ, (ਹਰਦਮ ਮਾਨ- ਸ੍ਰੀ ਆਰ ਸੀ ਐਮ ਪੀ ਨੇ ਨਿਊਟਨ ਇਲਾਕੇ ਵਿਚ ਇਕ ਬੈਂਕ ਦੇ ਏਟੀਐਮ ਵਿੱਚ ਕੈਸ਼ ਜਮ੍ਹਾਂ ਕਰਵਾ ਰਹੇ ਇਕ ਵਿਅਕਤੀ ਦੀ ਲੁੱਟਖੋਹ ਕਰਨ ਵਾਲੇ ਦੋਸ਼ੀ ਨੂੰ ਕਾਬੂ ਕਰ ਲਿਆ ਹੈ ਅਤੇ ਉਸ ਉੱਪਰ ਡਾਕੇ ਸਬੰਧੀ ਦੋਸ਼ ਲਾਏ ਗਏ ਹਨ। ਆਰਸੀਐਮਪੀ ਦੀ ਪਬਲਿਕ ਰਿਲੇਸ਼ਨ ਅਫਸਰ ਸਰਬਜੀਤ ਕੌਰ ਸੰਘਾ ਨੇ ਦੱਸਿਆ ਹੈ ਕਿ 16 ਜਨਵਰੀ ਦੀ ਰਾਤ ਨੂੰ ਕਰੀਬ 8 l54 ਵਜੇ 72 ਐਵੇਨਿਊ ਤੇ 13600 ਬਲਾਕ ਵਿਚ ਸਥਿਤ ਇਕ ਬੈਂਕ ਦੇ ਏਟੀਐਮ ਵਿੱਚ ਇਕ ਵਿਅਕਤੀ ਕੈਸ਼ ਜਮ੍ਹਾਂ ਕਰਵਾ ਰਿਹਾ ਸੀ ਕਿ ਉਸ ਸਮੇਂ ਉੱਥੇ ਇੱਕ ਹੋਰ ਵਿਅਕਤੀ ਨੇ ਆ ਕੇ ਉਸ ਦੀ ਲੁੱਟਖੋਹ ਕੀਤੀ। ਪੀੜਤ ਵਿਅਕਤੀ ਨੇ ਪੁਲਿਸ ਨੂੰ ਸੂਚਿਤ ਕੀਤਾ। ਪੁਲਿਸ ਤੁਰੰਤ ਮੌਕੇ ਤੇ ਪਹੁੰਚ ਗਈ ਅਤੇ ਦੱਸੇ ਗਏ ਹੁਲੀਏ ਅਨੁਸਾਰ ਦੋਸ਼ੀ ਦੀ ਭਾਲ ਕਰਦਿਆਂ ਦੋਸ਼ੀ ਨੂੰ ਨੇੜਿ? ਹੀ ਕਾਬੂ ਕਰ ਲਿਆ। ਪੁਲੀਸ ਅਨੁਸਾਰ ਇਹ ਕਥਿਤ ਦੋਸ਼ੀ ਦਾ ਨਾਂ ਮੁਹੰਮਦ ਉਸਮਾਨ ਅਲਾਨੇ ਹੈ ਉਸ ਦੀ ਉਮਰ 31 ਸਾਲ ਹੈ। ਉਸ ਨੂੰ ਬੀਤੇ ਦਿਨ ਜੱਜ ਸਾਹਮਣੇ ਪੇਸ਼ ਕੀਤਾ ਗਿਆ ਅਤੇ ਅਗਲੀ ਪੇਸ਼ੀ ਤੱਕ ਉਸ ਨੂੰ ਰਿਮਾਂਡ ਤੇ ਭੇਜ ਦਿੱਤਾ ਗਿਆ ਹੈ। ਇਸੇ ਦੌਰਾਨ ਸਰਬਜੀਤ ਕੌਰ ਸੰਘਾ ਨੇ ਲੋਕਾਂ ਨੂੰ ਸੁਚੇਤ ਕੀਤਾ ਹੈ ਕਿ ਉਹ ਜਦੋਂ ਵੀ ਏਟੀਐਮ ਦੀ ਵਰਤੋਂ ਕਰਦੇ ਹਨ ਤਾਂ ਆਪਣੇ ਆਲੇ ਦੁਆਲੇ ਪ੍ਰਤੀ ਵੀ ਉਨ੍ਹਾਂ ਨੂੰ ਸਾਵਧਾਨ ਰਹਿਣਾ ਚਾਹੀਦਾ ਹੈ।




MORTGAGE
If you are paying more than
1.30%*
(5 Years VIRM 30 Years Ammortization)
Call us NOW to Lower your Rate!



Raj Gill has
"NO STRESS MORTGAGE"



RAJ GILL, AMP
604 564 1000
VANCOUVER
Unit 200-6330 Fraser St
@47 Ave & Fraser St
Our Symbol of Care & Service
Superior Mortgage
The Banking Alternative
*Some conditions apply.
SHARNJIT GILL, AMP
604 507 1000
SURREY
Unit 244 8138 128 St
www.quickapproval.ca

JJB INSURANCE
BBB ACCREDITED BUSINESS
Sarban Singh Sidhu
604-507-6866
#1, 13791, 72 AVE, SURREY (NEAR FRUITICANA)
We Are Specialist In Setting Up New Prorate Co, Fleet, Cargo
Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |



*RATES SUBJECT TO CHANGE WITHOUT ANY NOTICE
HOUSE INSURANCE
UP TO 65% DISCOUNT AVAILABLE
THESE RATES INCLUDE:-
• REPLACEMENT COST ON DWELLING & CONTENTS
• SEWER BACKUP • CLAIM FREE DISCOUNT
• SENIOR / MORTGAGE FREE DISCOUNT
• HOME PROTECTION DISCOUNT
• NEW HOME DISCOUNT • DEDUCTIBLE DISCOUNT
Life • Critical • Disability • RRSP • RESP
• Visitor • Super Visa
Ask for Special Rate for
Super Visa Insurance
Money Back upon Visa Declined
• ਪਹਿਲੀ ਵਾਰ ਘਰ ਖ੍ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
• ਘਰਾਂ, ਕਾਰਾਂ, ਟਰੱਕਾਂ ਦੀ ਇਂਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ
Wawanesa Insurance
Call Us Before You Renew / Buy Any Insurance Lien & Accident Search Available

## ਓਨਟਾਰੀਓ 31 ਜਨਵਰੀ ਤੋਂ ਇਨਡੋਰ ਪਾਬੰਦੀਆਂ ਨੂੰ ਹੌਲੀ ਹੌਲੀ ਨਰਮ ਕਰਨਾ ਸ਼ੁਰੂ ਕਰੇਗਾ

ਟੋਰਾਂਟੋ-ਓਨਟਾਰੀਓ ਸੂਬੇ ਦੇ ਅਗਲੇ ਕੁਝ ਹਫ਼ਤਿਆਂ ਵਿਚ ਪਾਬੰਦੀਆਂ ਚੁੱਕਣ ਦੀ ਯੋਜਨਾ ਦੇ ਹਿੱਸੇ ਵਜੋਂ 31 ਜਨਵਰੀ ਨੂੰ 50 ਫ਼ੀਸਦੀ ਸਮਰਥਾ ਨਾਲ ਰੈਸਟੋਰੈਂਟਸ ਨੂੰ ਮੁੜ ਖੋਲ੍ਹਣ ਦੀ ਇਜਾਜ਼ਤ ਦੇਵੇਗਾ। ਡੱਗ ਫੋਰਡ ਸਰਕਾਰ ਵਲੋਂ ਕੁਈਨਜ਼ ਪਾਰਕ ਵਿਖੇ ਇਸ ਦਾ ਛੇਤੀ ਐਲਾਨ ਕੀਤੇ ਜਾਣ ਦੀ ਸੰਭਾਵਨਾ ਹੈ। ਫੋਰਡ ਵਲੋਂ ਇਹ ਐਲਾਨ ਕਰਨ ਦੀ ਆਸ ਹੈ ਕਿ ਉਹ ਅੱਧੀ ਸਮਰਥਾ ਨਾਲ ਪਾਬੰਦੀਆਂ ਨੂੰ ਬਦਲ ਦੇਵੇਗਾ ਜਿਹੜੀਆਂ ਦਸੰਬਰ ਵਿਚ ਲਗਾਈਆਂ ਗਈਆਂ ਸਨ। ਸੂਤਰਾਂ ਮੁਤਾਬਿਕ ਪਾਬੰਦੀਆਂ ਨੂੰ ਫਰਵਰੀ ਵਿਚ ਹੌਲੀ ਹੌਲੀ ਨਰਮ ਕੀਤਾ ਜਾਵੇਗਾ ਅਤੇ ਫੋਰਡ ਮਾਰਚ ਵਿਚ ਸੂਬੇ ਨੂੰ ਪੂਰੀ ਤਰ੍ਹਾਂ ਖੋਲ੍ਹਣ 'ਤੇ ਜ਼ੋਰ ਦੇ ਰਿਹਾ ਹੈ। ਇਸ ਤੋਂ ਪਹਿਲਾਂ ਬੁੱਧਵਾਰ ਫੋਰਡ ਨੇ ਕਿਹਾ ਕਿ ਰੈਸਟੋਰੈਂਟਸ, ਜਿਮਸ ਅਤੇ ਦੂਸਰੇ ਲੋਕਾਂ ਨੂੰ ਇਸ ਹਫ਼ਤੇ ਦੇ ਅਖੀਰ ਵਿਚ ਸੂਬੇ ਤੋਂ ਹਾਂਪੱਖੀ ਐਲਾਨ ਦੀ ਆਸ ਕਰਨੀ ਚਾਹੀਦੀ ਹੈ।

## ਵਾਰਮਿੰਗ ਸੈਂਟਰ ਅੰਦਰ ਦੋ ਵਿਅਕਤੀ ਗੋਲੀਬਾਰੀ ਵਿਚ ਜ਼ਖ਼ਮੀ

ਸਰੀ-ਆਰਸੀਐਮਪੀ ਨੇ ਦੱਸਿਆ ਕਿ ਬੁੱਧਵਾਰ ਸਵੇਰੇ ਵੈਲ੍ਹੀ ਵਿਚ ਵਾਰਮਿੰਗ ਸੈਂਟਰ ਅੰਦਰ ਗੋਲੀਬਾਰੀ ਪਿੱਛੋਂ ਦੋ ਵਿਅਕਤੀ ਜ਼ਖ਼ਮੀ ਹੋ ਗਏ। ਕੰਸਟੇਬਲ ਸਰਬਜੀਤ ਕੌਰ ਸੰਘਾ ਨੇ ਇਕ ਰਿਲੀਜ਼ ਵਿਚ ਦੱਸਿਆ ਕਿ ਕਿੰਗ ਜੌਰਜ ਬਾਉਲਵਾਰਡ ਦੇ 10600 ਬਲਾਕ ਵਿਚ ਇਕ ਵਾਰਮਿੰਗ ਸੈਂਟਰ ਅੰਦਰ ਗੋਲੀਆਂ ਚੱਲਣ ਦੀ ਰਿਪੋਰਟ ਮਿਲਣ ਪਿੱਛੋਂ ਤੜਕੇ ਤਿੰਨ ਵਜੇ ਪਿੱਛੋਂ ਪੁਲਿਸ ਮੌਕੇ 'ਤੇ ਪੁੱਜੀ। ਸੰਘਾ ਨੇ ਦੱਸਿਆ ਕਿ ਮੌਕੇ 'ਤੇ ਦੋ ਵਿਅਕਤੀ ਜਿਨ੍ਹਾਂ ਵਿਚ ਇਕ 24 ਸਾਲਾ ਨੌਜਵਾਨ ਤੇ ਇਕ 57 ਸਾਲਾ ਔਰਤ ਸ਼ਾਮਿਲ ਸਨ ਜ਼ਖ਼ਮੀ ਹਾਲਤ ਵਿਚ ਮਿਲੇ। ਉਨ੍ਹਾਂ ਦੇ ਗੋਲੀਆਂ ਲੱਗੇ ਹੋਣ ਦਾ ਸ਼ੱਕ ਹੈ। ਦੋਵਾਂ ਪੀੜਤਾਂ ਨੂੰ ਹਸਪਤਾਲ ਲਿਜਾਇਆ ਗਿਆ ਅਤੇ ਦੋਵਾਂ ਦੀ ਹਾਲਤ ਖ਼ਤਰੇ ਤੋਂ ਬਾਹਰ ਸੀ। ਸੰਘਾ ਨੇ ਦੱਸਿਆ ਕਿ ਮੁੱਢਲੇ ਸੰਕੇਤਾਂ ਤੋਂ ਪਤਾ ਲਗਦਾ ਹੈ ਕਿ ਜ਼ਖ਼ਮੀ ਹੋਇਆ ਵਿਅਕਤੀ ਜਿਸ ਨੂੰ ਪੁਲਿਸ ਨੂੰ ਜਾਣਦੀ ਹੈ ਗੋਲੀਬਾਰੀ ਦਾ ਮਿਥ ਕੇ ਨਿਸ਼ਾਨਾ ਬਣਾਇਆ ਗਿਆ ਹੈ ਪਰ ਇਹ ਗੋਲੀਬਾਰੀ ਲੋਅਰ ਮੇਨਲੈਂਡ ਗੈਂਗ ਸੰਘਰਸ਼ ਨਾਲ ਜੁੜੀ ਨਹੀਂ ਲਗਦੀ। ਸਰੀ ਆਰਸੀਐਮਪੀ ਸੀਰੀਅਸ ਕਰਾਈਮ ਯੂਨਿਟ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਸਬੂਤ ਇਕੱਤਰ ਕਰਨ ਲਈ ਇਲਾਕੇ ਵਿਚ ਘੁੰਮਦੇ ਰਹੇ। ਸੰਘਾ ਮੁਤਾਬਿਕ ਜਾਂਚ ਅਜੇ ਮੁੱਢਲੇ ਪੜਾਅ ਵਿਚ ਹੈ ਅਤੇ ਇਸ ਦਾ ਉਦੇਸ਼ ਦਾ ਅਜੇ ਪਤਾ ਨਹੀਂ ਲੱਗਾ ਪਰ ਇਹ ਮਿਥ ਕੇ ਕੀਤੀ ਗਈ ਗੋਲੀਬਾਰੀ ਲਗਦੀ ਹੈ।

# ਕੈਨੇਡਾ ਨੂੰ ਯੂਕਰੇਨ ਵਿਚ ਹਥਿਆਰਬੰਦ ਸੰਘਰਸ਼ ਦਾ ਡਰ-ਜਸਟਿਨ ਟਰੂਡੋ

ਓਟਵਾ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਯੂਕਰੇਨ ਖਿਲਾਫ ਰੂਸ ਦੇ ਹਮਲਾਵਰ ਹੋਣ ਦੀ ਨਿੰਦਾ ਕਰਦਿਆਂ ਕਿਹਾ ਹੈ ਕਿ ਕੈਨੇਡਾ ਨੂੰ ਡਰ ਹੈ ਕਿ ਸਥਿਤੀ ਹਥਿਆਰਬੰਦ ਸੰਘਰਸ਼ ਵਿਚ ਬਦਲ ਸਕਦੀ ਹੈ। ਟਰੂਡੋ ਨੇ ਕਿਹਾ ਕਿ ਰੂਸ ਦਾ ਸਰਹੱਦ ਨਾਲ ਵੱਖ ਵੱਖ ਥਾਵਾਂ 'ਤੇ ਰੂਸੀ ਸੈਨਿਕਾਂ ਦਾ ਜਮਾਵੜਾ ਬਿਲਕੁਲ ਸਵੀਕਾਰਯੋਗ ਨਹੀਂ ਅਤੇ ਸਥਿਤੀ ਅੱਗੇ ਵਧਣ 'ਤੇ ਕੈਨੇਡਾ ਗੰਭੀਰ ਸਿੱਟੇ ਭੁਗਤਣ ਲਈ ਤਿਆਰ ਹੈ। ਸਾਨੂੰ ਯੂਕਰੇਨ ਵਿਚ ਹਥਿਆਰਬੰਦ ਸੰਘਰਸ਼ ਦਾ ਡਰ ਹੈ। ਅਸੀਂ ਰੂਸੀ ਸਰਕਾਰ ਦੀ ਪੁਜ਼ੀਸ਼ਨ ਬਾਰੇ ਬਹੁਤ ਚਿੰਤਤ ਹਾਂ, ਉਹ ਕਹਿ ਰਹੇ ਹਨ ਕਿ ਉਹ ਯੂਕਰੇਨ ਸਰਹੱਦ 'ਤੇ ਸੈਨਿਕ ਭੇਜ ਰਹੇ ਹਨ। ਫਰੈਂਚ ਵਿਚ ਬੋਲਦਿਆਂ ਉਨ੍ਹਾਂ ਕਿਹਾ ਕਿ ਇਹ ਚਿੰਤਾ ਵਿਸ਼ਵ ਭਰ ਵਿਚ ਸਾਡੇ ਸਹਿਯੋਗੀਆਂ ਨੇ ਸਾਂਝੀ ਕੀਤੀ ਹੈ। ਟਰੂਡੋ ਨੇ ਵਿਦੇਸ਼ ਮੰਤਰੀ ਮੇਲੀਨੀ ਜੋਲੀ ਸਮੇਤ ਚੋਟੀ ਦੇ ਮੰਤਰੀਆਂ ਨਾਲ ਗੱਲਬਾਤ ਕੀਤੀ। ਜੋਲੀ ਨੇ ਇਸੇ ਹਫਤੇ ਯੂਕਰੇਨ ਵਿਚ ਚੋਟੀ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਸੀ। ਉਨ੍ਹਾਂ ਮੁੜ ਦੁਹਰਾਇਆ ਕਿ ਕੈਨੇਡਾ ਆਪਰੇਸ਼ਨ 'ਯਨੀਫਾਇਰ' ਰਾਹੀਂ ਸਿੱਖਲਾਈ ਅਭਿਆਸ ਵਿਚ ਯੂਕਰੇਨ ਦੀਆਂ ਹਥਿਆਰਬੰਦ ਸੈਨਾਵਾਂ ਤੇ ਨੈਸ਼ਨਲ ਗਾਰਡ ਦੀ ਸਹਾਇਤਾ ਜਾਰੀ ਰੱਖੇਗਾ। ਇਹ ਮਿਸ਼ਨ 2022 ਵਿਚ ਖਤਮ ਹੋਣ ਦੀ ਆਸ ਹੈ ਅਤੇ ਜਦੋਂ ਇਹ ਪੁੱਛਿਆ ਗਿਆ ਕਿ ਕੀ ਸਰਕਾਰ ਵਧਾਉਣ ਬਾਰੇ ਐਲਾਨ ਕਰੇਗੀ ਤਾਂ ਟਰੂਡੋ ਨੇ ਸਿਰਫ ਇੰਨਾ ਕਿਹਾ ਕਿ ਆਪਰੇਸ਼ਨ ਇਕ ਨਿਰੰਤਰ ਵਚਨਬੱਧਤਾ ਹੈ। ਬਰਤਾਨੀਆ ਤੇ ਅਮਰੀਕਾ ਨੇ ਸਿੱਧੀਆਂ ਬੇਨਤੀਆਂ ਦੇ ਜਵਾਬ ਵਿਚ ਯੂਕਰੇਨ ਨੂੰ ਹਥਿਆਰ ਭੇਜਣੇ ਸ਼ੁਰੂ ਕਰ ਦਿੱਤੇ ਹਨ। ਕੈਨੇਡੀਅਨ ਸਰਕਾਰ ਨੇ ਕਿਹਾ ਕਿ ਉਹ ਲੋੜਾਂ ਬਾਰੇ ਜਾਗਰੂਕ ਹੈ ਅਤੇ ਸਮੇਂ ਸਿਰ ਸਹਾਇਤਾ ਦੇ ਪੱਧਰ ਬਾਰੇ ਫ਼ੈਸਲਾ ਲਵੇਗੀ। ਪ੍ਰਧਾਨ ਮੰਤਰੀ ਨੇ ਕੈਨੇਡੀਅਨ ਕੂਟਨੀਤਕ ਪਹੁੰਚ ਨੂੰ ਦੁੱਗਣਾ



ਕਰਨ ਦੀ ਬਜਾਏ ਹੱਲ ਲੱਭਣ ਲਈ ਸਹਿਯੋਗੀਆਂ ਨਾਲ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਅਸੀਂ ਆਪਣੇ ਅੰਤਰਰਾਸ਼ਟਰੀ ਭਾਈਵਾਲਾਂ ਤੇ ਸਹਿਯੋਗੀਆਂ ਨਾਲ ਇਹ ਪੂਰੀ ਤਰ੍ਹਾਂ ਸਪਸ਼ਟ ਕਰਨ ਲਈ ਕੰਮ ਕਰ ਰਹੇ ਹਾਂ ਕਿ ਰੂਸੀ ਦਾ ਹਮਲਾਵਰ ਰੁਖ ਅਤੇ ਯੂਕਰੇਨ ਵਿਚ ਹੋਰ ਘੁਸਪੈਠ ਬਿਲਕੁਲ ਸਵੀਕਾਰਯੋਗ ਨਹੀਂ। ਇਸੇ ਦੌਰਾਨ ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਗਨ ਸਥਿਤੀ ਬਾਰੇ ਯੂਕਰੇਨ ਅਧਿਕਾਰੀਆਂ ਨਾਲ ਚਰਚਾ ਕਰਨ ਲਈ ਕੀਵ ਯਾਤਰਾ 'ਤੇ ਹਨ।

## ਐਮ ਪੀ ਸੁੱਖ ਧਾਲੀਵਾਲ ਵੀ ਹੋ ਸਕਦੇ ਹਨ ਸਰੀ ਮੇਅਰ ਲਈ ਉਮੀਦਵਾਰ ?

ਸਰੀ-ਸਰੀ-ਨਿਊਟਨ ਤੋਂ ਐਮ ਪੀ ਸੁੱਖ ਧਾਲੀਵਾਲ ਦਾ ਕਹਿਣਾ ਕਿ ਉਹ ਸਰੀ ਦੇ ਮੇਅਰ ਦੇ ਅਹੁਦੇ ਦੀ ਚੋਣ ਲੜਨ ਬਾਰੇ ਗੰਭੀਰਤਾ ਨਾਲ ਸੋਚ ਰਹੇ ਹਨ। ਇਹ ਚਰਚਾ ਚੱਲ ਰਹੀ ਹੈ ਕਿ ਸਰੀ ਤੋਂ ਲਿਬਰਲ ਐਮ ਪੀ ਸੁੱਖ ਧਾਲੀਵਾਲ ਅਕਤੂਬਰ ਵਿਚ ਸਰੀ ਦੀਆਂ ਹੋ ਰਹੀਆਂ ਮਿਉਂਸਪਲ ਚੋਣਾਂ ਵਿਚ ਮੇਅਰ ਦੀ ਚੋਣ ਲੜਨ ਦੀ ਯੋਜਨਾ ਬਣਾ ਰਹੇ ਹਨ ਪਰ ਉਨ੍ਹਾਂ ਕਿਹਾ ਕਿ ਉਨ੍ਹਾਂ ਅਜੇ ਫ਼ੈਸਲਾ ਨਹੀਂ ਕੀਤਾ। ਸਰੀ-ਨਿਊਟਨ ਤੋਂ ਐਮਪੀ ਦਾ ਕਹਿਣਾ ਕਿ ਪਿਛਲੇ ਦੋ ਮਹੀਨਿਆਂ ਤੋਂ ਲੋਕ ਉਨ੍ਹਾਂ ਨੂੰ ਮਿਲ ਕੇ ਚੋਣ ਲੜਨ ਲਈ ਕਹਿ ਰਹੇ ਹਨ। ਉਸ ਨੇ ਅਜੇ ਕੋਈ ਅੰਤਿਮ ਫ਼ੈਸਲਾ ਨਹੀਂ ਲਿਆ ਪਰ ਉਹ ਗੰਭੀਰਤਾ ਨਾਲ ਸੋਚ ਰਿਹਾ ਹੈ। ਤੁਹਾਨੂੰ ਪਤਾ ਹੈ ਕਿ ਇਸ ਬਾਰੇ ਉਹ ਪਰਿਵਾਰ ਤੇ ਦੋਸਤਾਂ ਨਾਲ ਗੱਲਬਾਤ ਕਰ ਰਿਹਾ ਹੈ ਪਰ ਮੈਂ ਖ਼ੁਸ਼ ਹਾਂ ਕਿ ਮੈਂ ਆਪਣਾ ਕੰਮ ਕਰ ਰਿਹਾ ਹਾਂ। ਧਾਲੀਵਾਲ ਨੇ ਦੱਸਿਆ ਕਿ ਉਸ ਨੂੰ ਹਰੇਕ ਖੇਤਰ ਅਤੇ ਸਾਰੀਆਂ ਪਾਰਟੀਆਂ ਦੇ ਬਹੁਤ ਸਾਰੇ ਲੋਕਾਂ ਨੇ ਆਪਣੀਆਂ ਰਾਜਸੀ ਵਿਚਾਰਧਾਰਾ ਦਾ ਖਿਆਲ ਨਾ ਕਰਦਿਆਂ ਉਨ੍ਹਾਂ ਕੋਲ ਪਹੁੰਚ ਕੀਤੀ ਹੈ। ਲੋਕ ਸਿਟੀ ਹਾਲ ਵਿਖੇ ਹੁਣ ਤਬਦੀਲੀ ਦੀ ਭਾਲ ਵਿਚ ਹਨ।



## ਬੀਸੀ ਵਿਚ ਕੋਵਿਡ-19 ਨਾਲ 13 ਮੌਤਾਂ ਹੋਣ ਦੀ ਖ਼ਬਰ-ਜ਼ਿਆਦਾ ਗਿਣਤੀ ਵਿਚ ਲੋਕ ਹਸਪਤਾਲਾਂ 'ਚ ਦਾਖਲ

ਵੈਨਕੂਵਰ-ਬੀਸੀ ਸਰਕਾਰ ਨੇ ਕੋਵਿਡ-19 ਨਾਲ ਸਬੰਧਤ 13 ਹੋਰ ਮੌਤਾਂ ਹੋਣ ਦਾ ਐਲਾਨ ਕੀਤਾ ਹੈ ਜਦਕਿ ਹਸਪਤਾਲਾਂ ਵਿਚ ਪਾਜ਼ੇਟਿਵ ਮਾਮਲਿਆਂ ਵਾਲੇ ਮਰੀਜ਼ਾਂ ਦੀ ਗਿਣਤੀ ਵਿਚ ਇਕ ਹੋਰ ਉਛਾਲ ਆਇਆ ਹੈ। ਸਿਹਤ ਮੰਤਰਾਲੇ ਨੇ ਤਾਜ਼ਾ ਜਾਣਕਾਰੀ ਵਿਚ ਦੱਸਿਆ ਕਿ ਸੂਬੇ ਵਿਚ ਮੌਤਾਂ ਤੇ ਹਸਪਤਾਲ ਵਿਚ ਦਾਖਲ ਹੋਣ ਵਾਲੇ ਮਰੀਜ਼ਾਂ ਦੀ ਗਿਣਤੀ ਲਗਾਤਾਰ ਵਧਣ ਦਾ ਰੁਝਾਨ ਦੇਖਣ ਨੂੰ ਮਿਲ ਰਿਹਾ ਹੈ। ਬੀਸੀ ਵਿਚ ਕੋਰੋਨਾਵਾਇਰਸ ਨਾਲ ਸਬੰਧਤ ਮੌਤਾਂ ਹੋਣ ਦੀ ਔਸਤ ਪ੍ਰਤੀ ਦਿਨ 7.14 ਮੌਤਾਂ 'ਤੇ ਪਹੁੰਚ ਗਈ ਹੈ ਜਿਹੜੀ 16 ਨਵੰਬਰ ਪਿੱਛੋਂ ਸਭ ਤੋਂ ਜ਼ਿਆਦਾ ਹੈ। ਸਾਲ ਦੇ ਸ਼ੁਰੂ ਵਿਚ ਮੌਤਾਂ ਦੀ ਔਸਤ ਗਿਣਤੀ ਪ੍ਰਤੀ ਦਿਨ 1.29 ਸੀ। ਇਨ੍ਹਾਂ ਵਿਚੋਂ 6 ਮੌਤਾਂ ਫਰੇਜ਼ਰ ਹੈਲਥ ਰੀਜਨ, ਚਾਰ ਵੈਨਕੂਵਰ ਕੋਸਟਲ ਰੀਜਨ ਵਿਚ ਦਰਜ ਕੀਤੀਆਂ ਗਈਆਂ। ਇਸੇ ਦੌਰਾਨ ਹਸਪਤਾਲਾਂ ਵਿਚ ਦਾਖਲ ਹੋਣ ਵਾਲੇ ਮਰੀਜ਼ਾਂ ਦੀ ਗਿਣਤੀ 895 ਹੋ ਗਈ ਹੈ। ਇਨ੍ਹਾਂ ਵਿਚੋਂ 115 ਮਰੀਜ਼ ਆਈਸੀਯੂ ਵਿਚ ਦਾਖਲ ਹਨ।

ਸ. ਮੈਹਿੰਗਾ ਸਿੰਘ ਸਰਾਫ ਮੁੱਲਾਂਪੁਰ ਵਾਲੇ

S & S
Jewellers Ltd.



Authorized Dealer
20% OFF SEIKO, PULSAR
ALL Watches
(3 Yrs Limited Warranty)

Specializing in:
22 Kt & 24 Kt
- Ready Made & Custom Made
- Jewellery, Repairs - Lucky Birth Stones
- Appraisals

Diamond Ring 50% Off



Surjit S. Kanda * Avtar S. Kanda
604.582.5849
9269 - 120 St. Delta BC V4C 6R8

DAY AND NIGHT LABOUR LTD.

ਗਰੀਨ ਹਾਊਸ ਵਰਕਰਾਂ ਦੀ ਲੋੜ



- ਸਾਨੂੰ ਗਰੀਨ ਹਾਊਸ ਵਿਚ ਗਰੇਡਿੰਗ ਅਤੇ ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ।
- ਸਿਰਫ ਕੈਨੇਡੀਅਨ ਸਿਟੀਜ਼ਨ, ਪੀ.ਆਰ. ਹੋਲਡਰ ਅਤੇ ਓਪਨ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
- ਸਾਨੂੰ ਨਰਸਰੀ ਵਰਕਰਾਂ ਦੀ ਵੀ ਲੋੜ ਹੈ।

ਅੱਜ ਹੀ ਸੰਪਰਕ ਕਰੋ:
ਸੰਨੀ ਸੰਧਰ 604-727-2421

## ਸੰਪਾਦਕੀ

# ਮੋਦੀ ਸਰਕਾਰ ਦੀ ਵਾਅਦਾਖਿਲਾਫੀ ਤੇ ਚੋਣ ਸਿਆਸਤ ਨੇ ਉਲਝਾਈ ਕਿਸਾਨ ਲੀਡਰਸ਼ਿਪ

**ਸੁਖਵਿੰਦਰ ਸਿੰਘ ਚੋਹਲਾ**

ਮੋਦੀ ਸਰਕਾਰ ਵੱਲੋ ਤਿੰਨ ਖੇਤੀ ਕਨੂੰਨ ਵਾਪਿਸ ਲੈਣ ਉਪਰੰਤ ਐਮ ਐਸ ਪੀ ਗਾਰੰਟੀ ਕਨੂੰਨ ਅਤੇ ਹੋਰ ਕਿਸਾਨ ਮੰਗਾਂ ਉਪਰ ਅਮਲ ਦੀ ਸਮੀਖਿਆ ਲਈ ਸੰਯੁਕਤ ਕਿਸਾਨ ਮੋਰਚੇ ਵੱਲੋ ਨਿਰਧਾਰਿਤ 15 ਜਨਵਰੀ ਦੀ ਮੀਟਿੰਗ ਦੌਰਾਨ ਸਰਕਾਰ ਦੀ ਨੀਅਤ ਦਾ ਖੁਲਾਸਾ 'ਵੋਹ ਵਾਅਦਾ ਹੀ ਕਿਆ ਜੋ ਵਫਾ ਹੋ ਜਾਏ' ਵਾਲਾ ਹੈ। ਸ਼ਾਇਦ ਉਸਨੇ ਵਾਅਦੇ ਦੀ ਆੜ ਵਿਚ 5 ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿਚ ਰੱਖਦਿਆਂ ਅੰਦੋਲਨ ਸਮਾਪਤੀ ਲਈ ਇਕ ਦਾਅ ਖੇਡਿਆ ਹੈ। ਮੋਰਚੇ ਦੇ ਆਗੂਆਂ ਦਾ ਕਹਿਣਾ ਹੈ ਕਿ ਸਰਕਾਰ ਨੇ ਐਮ ਐਸ ਪੀ ਗਾਰੰਟੀ ਕਨੂੰਨ ਲਈ ਕਮੇਟੀ ਗਠਿਤ ਕਰਨ ਜਾਂ ਕਿਸੇ ਵੀ ਹੋਰ ਮੰਗ ਉਪਰ ਕੋਈ ਅਗਲੇਰੀ ਕਾਰਵਾਈ ਨਹੀ ਆਰੰਭੀ। ਨਾਹੀ ਅੰਦੋਲਨਕਾਰੀ ਕਿਸਾਨਾਂ ਖਿਲਾਫ ਦਰਜ ਕੇਸ ਵਾਪਿਸ ਹੋਏ ਹਨ। ਉਲਟਾ ਲਖੀਮਪੁਰ ਖੇੜੀ ਕਾਂਡ ਲਈ ਜ਼ਿੰਮੇਵਾਰ ਭਾਜਪਾ ਮੰਤਰੀ ਨੂੰ ਅਹੁਦੇ ਤੋਂ ਹਟਾਉਣ ਜਾਂ ਦੋਸ਼ੀਆਂ ਖਿਲਾਫ ਕੋਈ ਕਾਰਵਾਈ ਕਰਨ ਦੀ ਬਿਜਾਏ ਕਿਸਾਨਾਂ ਉਪਰ ਹੀ ਕੇਸ ਦਰਜ ਕਰ ਦਿੱਤੇ ਹਨ। ਸਰਕਾਰ ਨੇ ਵਾਅਦਾਖਿਲਾਫੀ ਤੇ ਵਿਸ਼ਵਾਸਘਾਤ ਕੀਤਾ ਹੈ। ਸੰਯੁਕਤ ਕਿਸਾਨ ਮੋਰਚੇ ਨੇ ਇਸ ਲਈ 31 ਜਨਵਰੀ ਨੂੰ ਦੇਸ਼ ਵਿਆਪੀ 'ਵਿਸ਼ਵਾਸਘਾਤ ਦਿਵਸ' ਮਨਾਉਣ ਦਾ ਫੈਸਲਾ ਕਰਦਿਆਂ ਕਿਸਾਨ ਅੰਦੋਲਨ ਨੂੰ ਮੁੜ ਆਰੰਭਣ ਦੀ ਚੇਤਾਵਨੀ ਦਿੱਤੀ ਹੈ।

ਮੋਦੀ ਸਰਕਾਰ ਵਲੋ ਕਿਸਾਨਾਂ ਨਾਲ ਵਾਅਦਾਖਿਲਾਫੀ ਦੀ ਇਹ ਵੱਡੀ ਖਬਰ ਹੈ। ਸਰਕਾਰ ਦੀ ਨੀਅਤ ਜਾਣਨ ਲਈ ਮਿਥੀ ਗਈ 15 ਜਨਵਰੀ ਦੀ ਸਮੀਖਿਆ ਮੀਟਿੰਗ ਪ੍ਰਤੀ ਕਿਤੇ ਕੋਈ ਚਿੰਤਾ ਨਹੀ । ਅਜਿਹੀ ਸਥਿਤੀ ਵਿਚ ਮੁਲਕ ਦੇ ਮੀਡੀਆ ਲਈ ਮੁੱਖ ਖਬਰ ਸਰਕਾਰ ਦੀ ਵਾਅਦਾਖਿਲਾਫੀ ਹੈ ਪਰ ਅਜਿਹਾ ਨਹੀ ਹੋਇਆ। ਵੱਡੀ ਖਬਰ ਬਣੀ ਹੈ ਕਿ ਸੰਯੁਕਤ ਕਿਸਾਨ ਮੋਰਚੇ ਨੇ ਪੰਜਾਬ ਵਿਚ ਚੋਣਾਂ ਲੜਨ ਵਾਲੀਆਂ ਕਿਸਾਨ ਧਿਰਾਂ ਤੇ ਆਗੂਆਂ ਨਾਲੋ ਆਪਣਾ ਨਾਤਾ ਤੋੜਿਆ। ਸਿਆਸੀ ਪਿੜ ਵਿਚ ਕੁੱਦਣ ਵਾਲੇ ਆਗੂ ਹੁਣ ਸੰਯੁਕਤ ਕਿਸਾਨ ਮੋਰਚੇ ਦਾ ਹਿੱਸਾ ਨਹੀ ।

ਸੰਯੁਕਤ ਕਿਸਾਨ ਮੋਰਚਾ ਜਿਸਨੇ ਤਿੰਨ ਖੇਤੀ ਕਨੂੰਨਾਂ ਨੂੰ ਰੱਦ ਕਰਵਾਉਣ ਲਈ ਇਕ ਲੰਬਾ ਤੇ ਸ਼ਾਨਾਮੱਤਾ ਸੰਘਰਸ਼ ਲੜਿਆ, ਦੀ ਕੋਰ ਕਮੇਟੀ ਦੇ ਦੋ ਮੁੱਖ ਆਗੂ ਸ ਬਲਬੀਰ ਸਿੰਘ ਰਾਜੇਵਾਲ ਅਤੇ ਸ ਗੁਰਨਾਮ ਸਿੰਘ ਚੜੂਨੀ ਨੇ ਕ੍ਰਮਵਾਰ ਸੰਯੁਕਤ ਸਮਾਜ ਮੋਰਚਾ ਤੇ ਸੰਯੁਕਤ ਸੰਘਰਸ਼ ਪਾਰਟੀ ਬਣਾਕੇ ਚੋਣਾਂ ਲੜਨ ਦਾ ਐਲਾਨ ਕੀਤਾ ਹੈ। ਬਜੁਰਗ ਆਗੂ ਰਾਜੇਵਾਲ ਨੇ ਸੰਯੁਕਤ ਸਮਾਜ ਮੋਰਚੇ ਦੇ ਗਠਨ ਸਮੇ ਇਹ ਦਾਅਵਾ ਕੀਤਾ ਸੀ ਕਿ ਮੋਰਚੇ ਦੀਆਂ 32 ਜਥੇਬੰਦੀਆਂ ਚੋ 22 ਜਥੇਬੰਦੀਆਂ ਨੇ ਪੰਜਾਬ ਦੇ ਲੋਕਾਂ ਦੀ ਇੱਛਾ ਮੁਤਾਬਿਕ ਨਵਾਂ ਸਿਆਸੀ ਫਰੰਟ ਬਣਾਕੇ ਰਵਾਇਤੀ ਪਾਰਟੀਆਂ ਨੂੰ ਚੁਣੌਤੀ ਦੇਣ ਦਾ ਫੈਸਲਾ ਕੀਤਾ ਹੈ। ਰਾਜੇਵਾਲ ਤੇ ਸਾਥੀਆਂ ਦੇ ਚੋਣਾਂ ਲੜਨ ਦੇ ਫੈਸਲੇ ਦਾ ਮੋਰਚੇ ਦੇ ਪ੍ਰਮੁੱਖ ਆਗੂ ਜੋਗਿੰਦਰ ਸਿੰਘ ਉਗਰਾਹਾਂ, ਡਾ ਦਰਸ਼ਨ ਪਾਲ, ਰਾਜਿੰਦਰ ਸਿੰਘ ਦੀਪਸਿੰਘਵਾਲਾ ਤੇ ਹੋਰਾਂ ਨੇ ਅਸਹਿਮਤੀ ਪ੍ਰਗਟ ਕਰਦਿਆਂ ਉਹਨਾਂ ਨੂੰ ਆਪਣੇ ਫੈਸਲੇ ਉਪਰ ਨਜ਼ਰਸਾਨੀ ਕਰਨ ਦੀ ਅਪੀਲ ਕੀਤੀ ਸੀ। ਪਰ ਇਸਦੇ ਜਵਾਬ ਵਿਚ ਰਾਜੇਵਾਲ ਇਹ ਦਾਅਵਾ ਕਰਦੇ ਰਹੇ ਕਿ ਸਾਰੀਆਂ ਕਿਸਾਨ ਧਿਰਾਂ ਉਹਨਾਂ ਦੇ ਫੈਸਲੇ ਨਾਲ ਸਹਿਮਤ ਹਨ। ਉਹ ਚਾਹੇ ਖੁਦ ਚੋਣਾਂ ਨਾ ਲੜਨ ਪਰ ਵੋਟਾਂ ਉਹਨਾਂ ਨੂੰ ਹੀ ਪਾਉਣਗੇ। ਪਰ ਹੁਣ ਸੰਯੁਕਤ ਕਿਸਾਨ ਮੋਰਚੇ ਦੀ ਜਨਰਲ ਮੀਟਿੰਗ ਵਿਚ ਚੋਣਾਂ ਲੜਨ ਵਾਲੀਆਂ ਕਿਸਾਨ ਜਥੇਬੰਦੀਆਂ ਨਾਲੋ ਨਾਤਾ ਤੋੜਨ ਦਾ ਜੋ ਫੈਸਲਾ ਲਿਆ ਗਿਆ ਹੈ, ਉਸਤੋ ਸਪੱਸ਼ਟ ਹੈ ਕਿ ਸੰਯੁਕਤ ਕਿਸਾਨ ਮੋਰਚਾ ਹੁਣ ਸੰਯੁਕਤ ਨਹੀ ਰਿਹਾ। ਮੁਲਕ ਭਰ ਦੀਆਂ ਕਿਸਾਨ ਜਥੇਬੰਦੀਆਂ ਨੇ ਆਪਣੇ ਵਿਚਾਰਧਾਰਕ ਮਤਭੇਦਾਂ ਦੇ ਬਾਵਜੂਦ ਜਿਸ ਏਕਤਾ ਤੇ ਸਿਰੜ ਦਾ ਸਬੂਤ ਦਿੱਤਾ ਸੀ, ਏਕੇ ਦੀ ਉਸ ਸ਼ਕਤੀ ਨੂੰ ਆਂਚ ਆਉਣਾ ਸੰਘਰਸ਼ਸ਼ੀਲ ਧਿਰਾਂ ਲਈ ਚੰਗੀ ਖਬਰ ਨਹੀਂ ਹੈ।



ਸੰਯੁਕਤ ਮੋਰਚੇ ਦੀ ਜਨਰਲ ਮੀਟਿੰਗ ਦੌਰਾਨ ਬੀਕੇਯੂ ਰਾਜੇਵਾਲ ਤੇ ਚੜੂਨੀ ਦੀ ਜਥੇਬੰਦੀ ਵਲੋ ਸਿਆਸਤ ਵਿਚ ਕੁੱਦਣ ਦੇ ਫੈਸਲਾ ਉਪਰ ਵਿਚਾਰ ਕਰਦਿਆਂ ਇਹ ਕਿਹਾ ਗਿਆ ਕਿ ਕਿਸਾਨ ਮੋਰਚੇ ਨੂੰ ਸ਼ੁਰੂ ਵਿਚ ਹੀ ਗੈਰ ਸਿਆਸੀ ਰੱਖਣ ਦਾ ਫੈਸਲਾ ਲਿਆ ਗਿਆ ਸੀ। ਇਸੇ ਤਹਿਤ ਹੀ ਦਿੱਲੀ ਦੀਆਂ ਹੱਦਾਂ ਉਪਰ ਕਿਸੇ ਵੀ ਸਿਆਸੀ ਆਗੂ ਨੂੰ ਮੋਰਚੇ ਦਾ ਕੋਈ ਵੀ ਮੰਚ ਸਾਂਝਾ ਕਰਨ ਦੀ ਇਜਾਜ਼ਤ ਨਹੀ ਦਿੱਤੀ ਗਈ। ਸਿਆਸੀ ਆਗੂਆਂ ਨੂੰ ਕਿਸਾਨ ਮੰਚ ਤੋ ਦੂਰ ਰੱਖਦਿਆਂ ਇਹ ਐਲਾਨ ਕੀਤਾ ਗਿਆ ਸੀ ਕਿ ਅਗਰ ਮੋਰਚੇ ਦਾ ਕੋਈ ਆਗੂ ਸਿਆਸਤ ਜਾਂ ਚੋਣ ਅਮਲ ਵਿਚ ਹਿੱਸਾ ਲੈਣ ਦਾ ਫੈਸਲਾ ਕਰਦਾ ਹੈ ਤਾਂ ਉਸ ਨਾਲ ਵੀ ਬਾਕੀ ਸਿਆਸੀ ਆਗੂਆਂ ਵਾਲਾ ਹੀ ਵਿਵਹਾਰ ਹੋਵੇਗਾ। ਕਿਸਾਨ ਆਗੂ ਉਗਰਾਹਾਂ ਨੇ ਸਪੱਸ਼ਟ ਕੀਤਾ ਹੈ ਕਿ ਇਸੇ ਆਧਾਰ ਉਪਰ ਹੀ ਕਿਸਾਨ ਆਗੂਆਂ ਵਲੋ ਬਣਾਈਆਂ ਗਈਆਂ ਸਿਆਸੀ ਪਾਰਟੀਆਂ ਨੂੰ ਮੋਰਚੇ ਤੋ ਦੂਰ ਰੱਖਣ ਦਾ ਫੈਸਲਾ ਕੀਤਾ ਗਿਆ ਹੈ। ਹਾਂ, ਇੰਨੀ ਛੋਟ ਜ਼ਰੂਰ ਦਿੱਤੀ ਗਈ ਹੈ ਕਿ ਇਸ ਫੈਸਲੇ ਉਪਰ ਤਿੰਨ ਮਹੀਨੇ ਬਾਦ ਮੁੜ ਵਿਚਾਰ ਕੀਤਾ ਜਾ ਸਕਦਾ ਹੈ। ਸਿਆਸੀ ਮੰਚ ਬਣਾਉਣ ਵਾਲੇ ਆਗੂਆਂ ਵਲੋ ਭਾਵੇਂ ਮੋਰਚੇ ਦੇ ਫੈਸਲਾ ਬਾਰੇ ਕੋਈ ਪ੍ਰਤੀਕਰਮ ਸਾਹਮਣੇ ਨਹੀ ਆਇਆ ਪਰ ਉਹਨਾਂ ਵਲੋ ਮੋਰਚੇ ਦੀ ਮੀਟਿੰਗ ਤੋ ਦੂਰ ਰਹਿਣ ਦਾ ਫੈਸਲਾ ਵੀ ਉਚਿਤ ਹੈ। ਇਸ ਦੌਰਾਨ ਸੰਯੁਕਤ ਸਮਾਜ ਮੋਰਚੇ ਅਤੇ ਸੰਯੁਕਤ ਸੰਘਰਸ਼ ਪਾਰਟੀ ਵਿਚਾਲੇ ਸੀਟਾਂ ਦੀ ਵੰਡ ਨੂੰ ਲੈਕੇ ਅਤੇ ਇਕ ਦੂਸਰੇ ਨੂੰ ਅਣਦੇਖਾ ਕੀਤੇ ਜਾਣ ਦੀਆਂ ਖਬਰਾਂ ਸ਼ੁਭ ਨਹੀ ਹਨ। ਆਮ ਆਦਮੀ ਪਾਰਟੀ ਅਤੇ ਸੰਯੁਕਤ ਸਮਾਜ ਮੋਰਚੇ ਦਰਮਿਆਨ ਸਿੱਧੇ ਰੂਪ ਵਿਚ ਦੂਸ਼ਣਬਾਜ਼ੀ ਨੇ ਕਈ ਹੋਰ ਸ਼ੰਕੇ ਖੜੇ ਕਰ ਦਿੱਤੇ ਹਨ। ਕਿਸਾਨ ਆਗੂ ਰਾਜੇਵਾਲ ਤੇ ਆਪ ਸੁਪਰੀਮੋ ਵਿਚਾਲੇ ਚੋਣ ਗਠਜੋੜ ਦੇ ਅਸਫਲ ਰਹਿਣ ਲਈ ਦੋਵਾਂ ਆਗੂਆਂ ਦੀ ਨਿੱਜੀ ਹਉਮੈ ਦੇ ਆੜੇ ਆਉਣ ਦੀਆਂ ਖਬਰਾਂ ਮੋਰਚਾ ਸਮਰਥਕਾਂ ਲਈ ਪ੍ਰੇਸ਼ਾਨ ਕਰਨ ਵਾਲੀਆਂ ਹਨ। ਸਵਾਲ ਹੈ ਕਿ ਰਾਜਨੀਤੀ ਬਦਲਣ ਦਾ ਨਾਅਰਾ ਦੇਣ ਵਾਲੇ ਆਗੂਆਂ ਦਾ ਰਵਾਇਤੀ ਆਗੂਆਂ ਦੀ ਸੋਚ ਨਾਲੋਂ ਫਰਕ ਕੀ ਹੈ? ਰਾਜੇਵਾਲ ਆਮ ਆਦਮੀ ਪਾਰਟੀ ਉਪਰ ਟਿਕਟਾਂ ਵੇਚਣ ਦੇ ਦੋਸ਼ ਲਗਾ ਰਹੇ ਹਨ ਤਾਂ ਆਪ ਆਗੂ ਉਹਨਾਂ ਦੇ ਭਾਜਪਾ ਨਾਲ ਮਿਲੇ ਹੋਣ ਦੀਆਂ ਊਜਾਂ। ਸਮਝਿਆ ਜਾ ਸਕਦਾ ਹੈ ਕਿ ਇਹ ਦੂਸ਼ਣਬਾਜ਼ੀ ਦੋਵਾਂ ਧਿਰਾਂ ਵਿਚਾਲੇ ਮਨਚਾਹੇ ਚੋਣ ਗਠਜੋੜ ਦੀ ਅਸਫਲਤਾ 'ਚੋ ਉਪਜੀ ਨਿਰਾਸ਼ਾ ਦੀ ਉਪਜ ਹੈ। ਰਵਾਇਤੀ ਸਿਆਸੀ ਪਾਰਟੀਆਂ ਤੋਂ ਅੱਕੇ -ਥੱਕੇ ਲੋਕ ਸਿਆਸੀ ਬਦਲ ਦੀ ਤਲਾਸ਼ ਵਿਚ ਹਨ ਪਰ ਮੌਜੂਦਾ ਸਿਸਟਮ ਵਿਚ ਅਜਿਹੀ ਤਲਾਸ਼ ਸ਼ਾਇਦ ਮੁਮਕਿਨ ਨਹੀਂ। ਇਕ ਚੰਗੇ ਤੇ ਨਰੋਏ ਸਿਸਟਮ ਦੀ ਉਸਾਰੀ ਲਈ ਸਮਾਜਿਕ, ਲੋਕ ਭਲਾਈ ਸੰਸਥਾਵਾਂ ਤੇ ਸੰਘਰਸ਼ੀਲ ਧਿਰਾਂ ਦੀ ਭੂਮਿਕਾ ਨੂੰ ਸਮਝਣ ਦੀ ਲੋੜ ਹੈ। ਸਿਆਸਤ ਤੋਂ ਨਿਰਲੇਪ ਕਿਸਾਨ ਸੰਘਰਸ਼ ਦੀ ਸਫਲਤਾ ਨੇ ਆਵਾਮ ਨੂੰ ਸਿਸਟਮ ਵਿਚ ਸੁਧਾਰ ਲਈ ਇਕ ਨਵੀਂ ਆਸ ਦੀ ਕਿਰਣ ਵਿਖਾਈ ਸੀ ਪਰ ਸਿਆਸੀ ਦਲਦਲ ਵਿਚ ਉਲਝੇ ਕਿਸਾਨ ਆਗੂਆਂ ਨੇ ਸ਼ਾਇਦ ਇਸ ਆਸ ਨੂੰ ਕੁਝ ਹੱਦ ਤੱਕ ਧੁੰਦਲਾ ਪਾ ਦਿੱਤਾ ਹੈ। ਫਿਰ ਵੀ ਹਾਕਮਾਂ ਦੀ ਚੋਣ ਸਿਆਸਤ ਨੂੰ ਸਮਝਣ ਤੇ ਨਿਰਲੇਪ ਰਹਿਣ ਵਾਲੇ ਕਿਸਾਨ ਆਗੂਆਂ ਨੇ 15 ਜਨਵਰੀ ਦੀ ਮੀਟਿੰਗ ਦੌਰਾਨ ਜੋ ਫੈਸਲੇ ਲਏ ਹਨ, ਉਹ ਸੰਯੁਕਤ ਕਿਸਾਨ ਮੋਰਚੇ ਦੀ ਹੋਂਦ ਨੂੰ ਮਜ਼ਬੂਤੀ ਦੇਣ ਤੇ ਇਕ ਉਮੀਦ ਕਾਇਮ ਰੱਖਣ ਲਈ ਅਹਿਮ ਹਨ। ਐਮ ਐਸ ਪੀ ਗਾਰੰਟੀ ਕਨੂੰਨ ਅਤੇ ਹੋਰ ਕਿਸਾਨ ਮੰਗਾਂ ਦੀ ਪੂਰਤੀ ਲਈ ਸੰਘਰਸ਼ ਦਾ ਅਗਲਾ ਪੜਾਅ ਕੀ ਹੋਵੇਗਾ, ਸੰਕੇਤ ਕਾਫੀ ਹਨ ਪਰ ਖਦਸ਼ੇ ਵੀ ਹਨ ਕਿ ਹਾਕਮਾਂ ਲਈ ਚੁਣੌਤੀ ਬਣਨ ਵਾਲੀ ਕਿਸਾਨ ਏਕਤਾ ਮੁੜ ਆਪਣੀ ਆਭਾ ਸਮੇਤ ਹਾਜ਼ਰ ਹੋ ਪਾਏਗੀ?

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

ACTIVE INSURANCE
Trusted Name In the Community
ਹਰ ਤਰ੍ਹਾਂ ਦੀ ਇੰਸ਼ੋਰੈਂਸ ਦੀ ਜ਼ਰੂਰਤ ਲਈ
• ਕਾਰ • ਟਰੱਕ
• ਘਰਾਂ ਦੀ ਇੰਸ਼ੋਰੈਂਸ
• ਬਿਜ਼ਨੈਸ • ਟਰੈਵਲ



YOUR NEIGHBOURHOOD AUTOPLAN
OPEN 7 DAYS A WEEK
KHALSA BUSINESS CENTRE
# 103 - 8334 - 128th St.,
604-501-7878
VANCOUVER OFFICE:
London Sq. 200-3340 Kingsway
604-437-7878
OPEN 6 DAYS A WEEK
Hours: Mon-Fri: 9:00am to 7:00pm
Saturday 10:00am to 5:00pm
SULLIVAN CENTER:
#108-14340-64th Ave., Surrey
604-593-8899



Tarlok (Tony) Chandi
778-858-7878



Arjun Singh
604.760.3661

## ਇਲੈਕਸ਼ਨ ਬੀਸੀ ਦੀ ਨਿਗਰਾਨੀ ਪਾਰਟੀ ਮੈਂਬਰਸ਼ਿਪ ਬਾਰੇ ਵਿਵਾਦਾਂ ਨੂੰ ਖਤਮ ਕਰ ਦੇਵੇਗੀ

ਵੈਨਕੂਵਰ-ਸੂਬੇ ਦੇ ਇੰਡੋ-ਕੈਨੇਡੀਅਨ ਭਾਈਚਾਰੇ ਦੇ ਨੇਤਾਵਾਂ ਦਾ ਕਹਿਣਾ ਕਿ ਜੇਕਰ ਇਲੈਕਸ਼ਨ ਬੀਸੀ ਵਰਗਾ ਤੀਸਰਾ ਸੰਗਠਨ ਨੂੰ ਰਾਜਸੀ ਪਾਰਟੀ ਲੀਡਰਸ਼ਿਪ ਚੋਣਾਂ ਵਿਚ ਨਿਗਰਾਨੀ ਭੂਮਿਕਾ ਨਿਭਾਵੇ ਤਾਂ ਹਾਲ ਹੀ ਵਿਚ ਬੀਸੀ ਲਿਬਰਲ ਪਾਰਟੀ ਮੈਂਬਰਸ਼ਿਪਸ ਬਾਰੇ ਉਠਿਆ ਤਾਜ਼ਾ ਵਿਵਾਦ ਪੈਦਾ ਨਾ ਹੁੰਦਾ। ਲੰਬੇ ਸਮੇਂ ਤੋਂ ਪੰਜਾਬੀ ਵਿਰਾਸਤ ਦੇ ਲਿਬਰਲਸ ਤੇ ਨਿਊ ਡੈਮੋਕੈਰਟਸ ਇਸ ਗੱਲ ਤੋਂ ਚਿੰਤਤ ਹਨ ਕਿ ਪਾਰਟੀ ਮੈਂਬਰਸ਼ਿਪ ਤੇ ਵੋਟਿੰਗ ਨਿਯਮਾਂ ਦੀ ਬਜਾਏ ਮੈਂਬਰਸ਼ਿਪ ਦਾ ਸ਼ੱਕੀ ਦੋਸ਼ ਗਲਤ ਤਰੀਕੇ ਨਾਲ ਨਸਲੀ ਭਾਈਚਾਰਿਆਂ 'ਤੇ ਲਗਾਇਆ ਜਾ ਰਿਹਾ ਹੈ। ਲੰਬੇ ਸਮੇਂ ਤੋਂ ਬੀਸੀ ਲਿਬਰਲ ਚਲੇ ਆ ਰਹੇ ਬੈਰਜ ਢਾਹਾਂ ਨੇ ਕਿਹਾ ਕਿ ਪੰਜਾਬੀ-ਕੈਨੇਡੀਅਨ ਇਕ ਭਾਈਚਾਰਾ ਹੈ ਜਿਹੜਾ ਆਪਣੀ ਰਾਜਨੀਤੀ ਨੂੰ ਪਿਆਰ ਕਰਦਾ ਹੈ ਅਤੇ ਤੁਹਾਡੀ ਪਰਿਵਾਰ ਤੇ ਦੋਸਤਾਂ ਪ੍ਰਤੀ ਰਵਾਇਤੀ ਵਫਾਦਾਰੀ ਹੁੰਦੀ ਹੈ, ਇਸੇ ਕਾਰਨ ਇਹ ਭਾਈਚਾਰਾ ਬਹੁਤ ਥੋੜੇ ਸਮੇਂ ਵਿਚ ਵੱਡੀ ਗਿਣਤੀ ਵਿਚ ਮੈਂਬਰ ਸ਼ਾਮਿਲ ਕਰਨ ਦੇ ਯੋਗ ਰਿਹਾ ਹੈ। ਜਦੋਂ ਕਦੇ ਇਸ ਤਰ੍ਹਾਂ ਦਾ ਸਵਾਲ ਉਠਦਾ ਹੈ ਤਾਂ ਕਹਿ ਦਿੱਤਾ ਜਾਂਦਾ ਹੈ ਕਿ ਪੰਜਾਬੀ-ਕੈਨੇਡੀਅਨ ਜਿਹੜੇ ਰੂੜ੍ਹੀਵਾਦੀ ਹਨ ਉਹ ਨਿਯਮਾਂ ਦੀ ਪਾਲਣਾ ਨਹੀਂ ਕਰਦੇ। ਅਸਲ ਸਵਾਲ ਇਹ ਹੈ ਕਿ ਕੀ ਉਮੀਦਵਾਰ ਅਤੇ ਉਨ੍ਹਾਂ ਦੀਆਂ ਪ੍ਰਚਾਰ ਟੀਮਾਂ ਅਤੇ ਵਲੰਟੀਅਰ ਨਿਯਮਾਂ ਦੀ ਪਾਲਣਾ ਕਰਦੇ ਹਨ? ਵਿਵਾਦ ਪਿਛਲੇ ਮਹੀਨੇ ਉਸ ਸਮੇਂ ਉਠਿਆ ਜਦੋਂ ਬੀਸੀ ਲਿਬਰਲ ਲੀਡਰਸ਼ਿਪ ਦੀਆਂ 7 ਪ੍ਰਚਾਰ ਟੀਮਾਂ ਵਿਚੋਂ 6 ਨੇ ਇਨ੍ਹਾਂ ਚਿੰਤਾਵਾਂ ਨੂੰ ਲੈ ਕੇ ਆਪਣੀ ਲਗਪਗ ਅੱਧੀ ਮੈਂਬਰਸ਼ਿਪ ਦੇ ਪਾਰਟੀ ਆਡਿਟ ਦੀ ਮੰਗ ਕੀਤੀ ਕਿ ਨਿਯਮਾਂ ਦੀ ਪਾਲਣਾ ਨਹੀਂ ਕੀਤੀ ਜਾ ਰਹੀ। ਉਨ੍ਹਾਂ ਨੇ ਸਿਰਨਾਵਿਆਂ ਦਾ ਸਵਾਲ ਉਠਾਇਆ ਜਿਹੜੇ ਘਰਾਂ ਦੇ ਨਹੀਂ ਸਨ। ਇਨ੍ਹਾਂ ਵਿਚ ਇਕ ਪਤਾ ਫੌਰੈਸਟ ਸਰਵਿਸ ਰੋਡ ਦਾ ਸੀ। ਇਕ ਪ੍ਰਚਾਰ ਟੀਮ ਨੇ ਕਿਹਾ ਕਿ ਉਸ ਦੇ ਪ੍ਰਚਾਰਕਾਂ ਨੇ ਪਤਾ ਲਗਾਇਆ ਕਿ ਇਕ ਪਤੇ ਵਾਲੀ ਰਿਹਾਇਸ਼ ਦੇ ਪੰਜ ਲੋਕਾਂ ਨੂੰ ਸਾਈਨ ਅਪ ਕੀਤਾ ਗਿਆ ਸੀ।

## ਨਿਯਮਤ ਨੌਕਰੀਆਂ ਦਾ ਮਜ਼ਾਕ ਉਡਾ ਕੇ ਆਪਣੀ ਕੁਲੀਨਤਾ ਦਿਖਾ ਰਿਹਾ ਹੈ ਫਾਲਕਨ

ਵੈਨਕੂਵਰ-ਬੀਸੀ ਲਿਬਰਲ ਲੀਡਰਸ਼ਿਪ ਦੀ ਬੀਤੀ ਰਾਤ ਦੀ ਬਹਿਸ ਵਿੱਚ ਕੇਵਿਨ ਫਾਲਕਨ ਨੇ ਮਜ਼ਦੂਰ ਜਮਾਤ ਦੇ ਪਿਛੋਕੜ ਵਾਲੇ ਬੀਸੀ ਐਨਡੀਪੀ ਵਿਧਾਇਕਾਂ ਦਾ ਮਜ਼ਾਕ ਉਡਾਇਆ। ਫਾਲਕਨ ਨੇ ਬੀਸੀ ਐਨਡੀਪੀ ਵਿਧਾਇਕਾਂ ਬਾਰੇ ਕਿਹਾ, "ਇਹ ਉਨ੍ਹਾਂ ਕੋਲ ਹੁਣ ਤੱਕ ਦਾ ਸਭ ਤੋਂ ਵਧੀਆ ਕੰਮ ਹੈ ਅਤੇ ਉਹ ਇਸ ਨਾਲ ਡੁੱਬਣ ਵਾਲੇ ਵਿਅਕਤੀ ਦੀ ਤਰ੍ਹਾਂ ਲਟਕਣਗੇ ਜਿਵੇਂ ਕਿ ਜੀਵਨ ਦੇ ਬੇੜੇ ਨਾਲ। ਵਿਧਾਇਕਾਂ ਨੇ ਅਧਿਆਪਕਾਂ, ਫਾਇਰਫਾਈਟਰਾਂ, ਬੱਸ ਆਪਰੇਟਰਾਂ, ਕਿਸਾਨਾਂ, ਛੋਟੇ ਕਾਰੋਬਾਰੀਆਂ ਦੇ ਮਾਲਕਾਂ, ਪੁਲਿਸ ਅਫਸਰਾਂ, ਇੰਜੀਨੀਅਰਾਂ, ਮਿੱਲਰਾਈਟਸ, ਨਰਸਾਂ, ਫਲਾਈਟ ਅਟੈਂਡੈਂਟਾਂ, ਸਮਾਜ ਸੇਵਕਾਂ, ਅਤੇ ਹੋਰ ਬਹੁਤ ਕੁਝ ਵਜੋਂ ਕੰਮ ਕੀਤਾ ਹੈ। ਕੇਵਿਨ ਫਾਲਕਨ ਸ਼ਾਇਦ ਸੋਚਦਾ ਹੈ ਕਿ ਸਿਰਫ ਅਮੀਰ ਰੀਅਲ ਅਸਟੇਟ ਡਿਵੈਲਪਰਾਂ ਕੋਲ ਯੋਗ ਨੌਕਰੀਆਂ ਹਨ, ਪਰ ਜ਼ਿਆਦਾਤਰ ਬ੍ਰਿਟਿਸ਼ ਕੋਲੰਬੀਅਨ ਇਸ ਨਾਲ ਅਸਹਿਮਤ ਹੋਣਗੇ। ਜਦੋਂ ਉਹ ਬੀਸੀ ਐਨਡੀਪੀ ਵਿਧਾਇਕਾਂ ਦਾ ਨਿਯਮਿਤ ਨੌਕਰੀਆਂ ਕਰਨ ਲਈ ਮਜ਼ਾਕ ਉਡਾਉਂਦੇ ਹਨ, ਤਾਂ ਉਹ ਸਾਰੇ ਕੰਮ ਕਰਨ ਵਾਲੇ ਬ੍ਰਿਟਿਸ਼ ਕੋਲੰਬੀਅਨਾਂ ਦਾ ਮਜ਼ਾਕ ਉਡਾਉਂਦੇ ਹਨ।

# ਅਲਬਰਟਾ ਐਨਡੀਪੀ ਨੇ ਨਿਆਂ ਮੰਤਰੀ ਮੈਡੂ ਤੋਂ ਕੀਤੀ ਅਸਤੀਫ਼ੇ ਦੀ ਮੰਗ

ਐਡਮਿੰਟਨ-ਅਲਬਰਟਾ ਦੀ ਐਨਡੀਪੀ ਇਕਾਈ ਨੇ ਨਿਆਂ ਮੰਤਰੀ ਕੇਸੀ ਮੈਡੂ ਤੋਂ ਆਪਣੀ ਜ਼ੁਰਮਾਨੇ ਦੀ ਟਿਕਟ ਰੱਦ ਕਰਨ ਲਈ ਐਡਮਿੰਟਨ ਦੇ ਪੁਲਿਸ ਮੁਖੀ ਨੂੰ ਫੋਨ ਕਰਨ ਬਦਲੇ ਅਸਤੀਫੇ ਦੀ ਮੰਗ ਕੀਤੀ ਹੈ। ਸੀਬੀਸੀ ਨੇ ਸਭ ਤੋਂ ਪਹਿਲਾਂ ਆਪਣੀ ਰਿਪੋਰਟ ਵਿਚ ਦੱਸਿਆ ਸੀ ਕਿ ਮੈਡੂ ਨੂੰ 10 ਮਾਰਚ 2021 ਨੂੰ ਸਕੂਲ ਜ਼ੋਨ ਵਿਚ ਡਰਾਈਵਿੰਗ ਕਰਦੇ ਸਮੇਂ ਆਪਣੇ ਮੋਬਾਈਲ ਫੋਨ ਦੀ ਵਰਤੋਂ ਕਰਨ ਕਰਕੇ ਰੋਕ ਲਿਆ ਅਤੇ 300 ਡਾਲਰ ਜ਼ੁਰਮਾਨਾ ਕੀਤਾ ਸੀ। ਇਸ ਪਿੱਛੋਂ ਛੇਤੀ ਹੀ ਉਸ ਨੇ ਟਿਕਟ 'ਤੇ ਚਰਚਾ ਕਰਨ ਲਈ ਐਡਮਿੰਟਨ ਦੇ ਪੁਲਿਸ ਮੁਖੀ ਡੇਲ ਮੈਕਫੀ ਨੂੰ ਫੋਨ ਕੀਤਾ ਸੀ। ਪ੍ਰੀਮੀਅਰ ਜੈਸਨ ਨਿਆਂ ਮੰਤਰੀ ਅਤੇ ਅਟਾਰਨੀ ਜਨਰਲ ਕੇਸੀ ਮੈਡੂ ਨੂੰ ਉਪਰੋਕਤ ਰਿਪੋਰਟਾਂ ਪਿੱਛੋਂ ਮੰਤਰੀ ਦੀ ਡਿਊਟੀ ਨਿਭਾਉਣ ਤੋਂ ਹਟਾ ਦਿੱਤਾ ਸੀ। ਪੋਸਟ ਮੀਡੀਆ ਨੇ ਅਦਾਲਤੀ ਰਿਕਾਰਡਸ ਦੇ ਹਵਾਲੇ ਨਾਲ ਪੁਸ਼ਟੀ ਕੀਤੀ ਹੈ ਕਿ ਮੈਡੂ ਕਾਰ ਨੂੰ ਚਲਾਉਂਦੇ ਸਮੇਂ ਮੋਬਾਈਲ ਫੋਨ ਦੀ ਵਰਤੋਂ ਕਰ ਰਿਹਾ ਸੀ ਅਤੇ ਦੋ ਦਿਨ ਪਿੱਛੋਂ 300 ਡਾਲਰ ਜ਼ੁਰਮਾਨਾ ਅਦਾ ਕੀਤਾ ਸੀ। ਪੋਸਟ ਮੀਡੀਆ ਨੂੰ ਇਕ ਬਿਆਨ ਵਿਚ ਮੈਡੂ ਨੇ ਕਿਹਾ ਕਿ 10 ਮਾਰਚ ਦੀ ਸਵੇਰ ਨੂੰ ਇਕ ਐਡਮਿੰਟਨ ਪੁਲਿਸ ਅਫਸਰ ਨੇ ਉਨ੍ਹਾਂ ਨੂੰ ਰੋਕ ਲਿਆ ਜਿਸ ਨੇ ਦੋਸ਼ ਲਾਇਆ ਕਿ ਉਹ ਡਰਾਈਵਿੰਗ ਕਰਦੇ ਸਮੇਂ ਫੋਨ ਦੀ ਵਰਤੋਂ ਕਰ ਰਿਹਾ ਸੀ। ਮੈਡੂ ਨੇ ਕਿਹਾ ਕਿ ਉਹ ਉਨ੍ਹਾਂ ਦੇ ਦੋਸ਼ ਨਾਲ ਸਹਿਮਤ ਨਹੀਂ ਅਤੇ ਉਸ ਦਾ ਫੋਨ ਉਸ ਦੀ ਜੇਬ ਵਿਚ ਹੈ। ਇਸ ਪਿੱਛੋਂ ਮੈਕਫੀ ਨੂੰ ਫੋਨ ਕੀਤਾ ਸੀ। ਉਸ ਨੇ ਕਿਹਾ ਕਿ ਘਟਨਾ ਦੇ ਸਮੇਂ ਕਾਰਨ ਉਹ ਇਹ ਗੱਲ ਯਕੀਨੀ ਬਣਾਉਣਾ ਚਾਹੁੰਦਾ ਸੀ ਕਿ ਲੇਥਬਰਿਜ ਪੁਲਿਸ ਸਰਵਿਸ ਨਾਲ ਵਿਵਾਦ ਪਿੱਛੋਂ ਉਸ ਦੀ ਗੈਰਕਾਨੂੰਨੀ ਨਿਗਰਾਨੀ ਨਾ ਕੀਤੀ ਜਾਵੇ। ਉਸ ਨੇ ਨਸਲੀ ਘੱਟ ਗਿਣਤੀਆਂ ਦੀ ਪ੍ਰੋਫਾਈਲਿੰਗ ਬਾਰੇ ਵੀ ਚਿੰਤਾਵਾਂ ਉਠਾਈਆਂ ਸਨ ਜਿਹੜੀਆਂ ਉਸ ਸਮੇਂ ਮੀਡੀਆ ਵਿਚ ਛਪੀਆਂ ਸਨ। ਮੈਡੂ ਨੇ ਦੱਸਿਆ ਕਿ ਮੈਕਫੀ ਨੇ ਉਸ ਨੂੰ ਭਰੋਸਾ ਦਿੱਤਾ ਸੀ ਕਿ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ। ਉਹ ਸਪਸ਼ਟ ਰੂਪ ਵਿਚ ਕਹਿਣਾ ਚਾਹੁੰਦਾ ਹੈ ਕਿ ਉਸ ਨੇ ਟਿਕਟ ਰੱਦ ਕਰਨ ਲਈ ਕੋਈ ਬੇਨਤੀ ਨਹੀਂ ਕੀਤੀ। ਮੈਂ ਅਜਿਹਾ ਕਦੇ ਵੀ ਨਹੀਂ ਕੀਤਾ। ਐਡਮਿੰਟਨ ਪੁਲਿਸ ਦੀ ਬੁਲਾਰਨ ਚੇਰਲ ਸ਼ੇਪਰਡ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਮੈਕਫੀ ਨੂੰ 10 ਮਾਰਚ ਨੂੰ ਟਿਕਟ ਦੇ ਸਬੰਧ ਵਿਚ ਮੈਡੂ ਦਾ ਫੋਨ ਆਇਆ ਸੀ। ਸ਼ੇਪਰਡ ਨੇ ਇਕ ਬਿਆਨ ਵਿਚ ਕਿਹਾ ਕਿ ਮੰਤਰੀ ਮੈਡੂ ਨੇ ਟਰੈਫਿਕ ਸਟਾਪ (ਕਾਰ ਨੂੰ ਰੋਕਣ) ਦੇ ਸੰਦਰਭ ਵਿਚ ਚਿੰਤਾ ਜ਼ਾਹਿਰ ਕੀਤੀ ਸੀ। ਇਹ ਗੱਲ ਸਪਸ਼ਟ ਹੈ ਕਿ ਉਸ ਨੇ ਟਿਕਟ ਰੱਦ ਕਰਨ ਲਈ ਪੁਲਿਸ ਮੁਖੀ ਨੂੰ ਨਹੀਂ ਕਿਹਾ। ਟਿਕਟ ਜਾਇਜ਼ ਸੀ ਅਤੇ ਸਹੀ ਢੰਗ ਨਾਲ ਜਾਰੀ ਕੀਤੀ ਗਈ ਸੀ।


## ਟਰੈਫਿਕ ਟਿਕਟ ਰੱਦ ਕਰਵਾਉਣ ਲਈ ਐਡਮਿੰਟਨ ਦੇ ਪੁਲਿਸ ਮੁਖੀ ਨੂੰ ਫੋਨ ਨਹੀਂ ਕੀਤਾ-ਮੈਡੂ

ਐਡਮਿੰਟਨ-ਕੇਸੀ ਮੈਡੂ ਵਲੋਂ ਐਡਮਿੰਟਨ ਦੇ ਪੁਲਿਸ ਮੁਖੀ ਨੂੰ ਟਰੈਫਿਕ ਟਿਕਟ ਬਾਰੇ ਫੋਨ ਕਰਨ ਪਿੱਛੋਂ ਕਿਹਾ ਕਿ ਉਹ ਸਮਝ ਸਕਦਾ ਹੈ ਕਿ ਅਲਬਰਟਾ ਦੇ ਪ੍ਰੀਮੀਅਰ ਜੈਸਨ ਕੈਨੀ ਨੇ ਉਸ ਨੂੰ ਨਿਆਂ ਮੰਤਰੀ ਵਜੋਂ ਕਿਉਂ ਹਟਾਇਆ ਹੈ। ਮੈਡੂ ਨੇ ਕਿਹਾ ਕਿ ਉਸ ਨੇ ਡਰਾਈਵਿੰਗ ਤੋਂ ਧਿਆਨ ਲਾਂਭੇ ਕਰਨ ਬਦਲੇ ਮਿਲੀ 300 ਡਾਲਰ ਦੀ ਟਿਕਟ ਰੱਦ ਕਰਵਾਉਣ ਲਈ ਐਡਮਿੰਟਨ ਪੁਲਿਸ ਚੀਫ ਡੇਲ ਮੈਕਫੀ ਨੂੰ ਫੋਨ ਨਹੀਂ ਕੀਤਾ ਪਰ ਸਮਝ ਸਕਦਾ ਹੈ ਕਿ ਲੋਕਾਂ ਨੂੰ ਫੋਨ ਬਾਰੇ ਕਿਉਂ ਚਿੰਤਾ ਹੋ ਸਕਦੀ ਹੈ। ਉਸ ਨੇ ਲੜੀਵਾਰ ਟਵੀਟ ਵਿਚ ਲਿਖਿਆ ਕਿ ਹੁਣ ਉਹ ਸਮਝ ਸਕਦਾ ਹੈ ਕਿ ਫੋਨ ਕਾਲ ਨੂੰ ਕਿਵੇਂ ਸਮਝਿਆ ਜਾ ਸਕਦਾ ਹੈ। ਇਹ ਕਹਾਵਤ ਹੈ ਕਿ ਰਾਜਨੀਤੀ ਵਿਚ ਧਾਰਨਾ ਸਭ ਕੁਝ ਹੁੰਦੀ ਹੈ ਅਤੇ ਉਸ ਨੂੰ ਚੀਫ ਮੈਕਫੀ ਨਾਲ ਮੁੱਦਾ ਉਠਾਉਣ 'ਤੇ ਅਫਸੋਸ ਹੈ। ਉਸ ਨੇ ਟਿਕਟ ਦਾ ਮੁਕੰਮਲ ਤੇ ਤੁਰੰਤ ਭੁਗਤਾਨ ਕਰ ਦਿੱਤਾ ਹੈ। ਐਡਮਿੰਟਨ ਪੁਲਿਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਮੈਡੂ ਨੇ ਕਦੇ ਵੀ ਟਿਕਟ ਰੱਦ ਕਰਨ ਲਈ ਨਹੀਂ ਕਿਹਾ। 10 ਮਾਰਚ ਦੀ ਟਿਕਟ ਅਤੇ ਉਸ ਤੋਂ ਬਾਅਦ ਫੋਨ ਕਾਲ ਸੀਬੀਸੀ ਦੀ ਰਿਪੋਰਟ ਵਿਚ ਸਾਹਮਣੇ ਆਈ ਸੀ। ਕੈਨੀ ਨੇ ਰਾਤ ਨੂੰ ਸੋਸ਼ਲ ਮੀਡੀਆ 'ਤੇ ਕਿਹਾ ਕਿ ਉਸ ਨੇ ਮੈਡੂ ਨੂੰ ਜਾਂਚ ਚੱਲਣ ਤਕ ਉਸ ਦੀ ਨਿਆਂ ਡਿਊਟੀਆਂ ਤੋਂ ਮੁਅੱਤਲ ਕਰ ਦਿੱਤਾ ਹੈ। ਕੈਨੀ ਨੇ ਕਿਹਾ ਕਿ ਸੁਤੰਤਰ ਤੀਜੀ ਧਿਰ ਵਲੋਂ ਕੀਤੀ ਜਾਂਚ ਇਹ ਨਿਰਧਾਰਤ ਕਰੇਗੀ ਕਿ ਕੀ ਨਿਆਂ ਪ੍ਰਸ਼ਾਸਨ ਵਿਚ ਦਾਖਲ ਅੰਦਾਜ਼ੀ ਕੀਤੀ ਗਈ ਸੀ ਜਾਂ ਨਹੀਂ।

## ਸਰੀ ਸਿਟੀ ਹਾਲ ਜ਼ੁਰਮਾਨੇ ਦੀ ਰਕਮ ਦੁੱਗਣੀ ਕਰਕੇ ਗੈਰ-ਕਾਨੂੰਨੀ ਉਸਾਰੀਆਂ ਨਾਲ ਨਜਿੱਠੇਗਾ

ਸਰੀ-ਜਾਂਚ ਨੂੰ ਰੋਕਣ, ਬਿਨ੍ਹਾਂ ਪਰਮਿਟ ਉਸਾਰੀ, ਬਿਨ੍ਹਾਂ ਪਰਮਿਟ ਕਬਜ਼ੇ ਅਤੇ ਸਟਾਪ ਵਰਕ ਆਰਡਰ ਨੂੰ ਨਜ਼ਰਅੰਦਾਜ਼ ਕਰਨ ਲਈ ਜ਼ੁਰਮਾਨੇ ਦੀ ਮੌਜੂਦਾ ਰਕਮ 500 ਡਾਲਰ ਤੋਂ ਵਧ ਕੇ ਇਕ ਹਜ਼ਾਰ ਡਾਲਰ ਹੋ ਜਾਵੇਗੀ। ਸ਼ਹਿਰ ਦੀਆਂ ਹੱਦਾਂ ਅੰਦਰ ਜਦੋਂ ਗੈਰਕਾਨੂੰਨੀ ਉਸਾਰੀ ਦੀ ਗੱਲ ਆਉਂਦੀ ਹੈ ਤਾਂ ਸਰੀ ਸਿਟੀ ਨੇ ਆਪਣੇ ਦੰਦ ਤਿੱਖੇ ਕਰ ਲਏ ਹਨ। ਕੌਂਸਿਲ ਨੇ ਸੋਮਵਾਰ ਦੀ ਇਕ ਰੈਗੂਲਰ ਮੀਟਿੰਗ ਵਿਚ ਸਟਾਫ ਦੀ ਕਾਰਪੋਰੇਟ ਰਿਪੋਰਟ ਦਾ ਸਮਰਥਨ ਕੀਤਾ ਹੈ। ਇਕ ਵਾਰ ਬਾਈਲਾਅ ਸੋਧਾਂ ਨੂੰ ਪ੍ਰਵਾਨਗੀ ਮਿਲ ਗਈ ਤਾਂ ਇਹ ਗੈਰਕਾਨੂੰਨੀ ਉਸਾਰੀ ਨਾਲ ਨਜਿੱਠਣ ਲਈ ਸਿਟੀ ਦੀ ਫਾਇਰਪਾਵਰ ਵਿਚ ਭਾਰੀ ਵਾਧਾ ਕਰੇਗੀ। ਕੌਂਸਿਲ ਨੇ ਸੋਧਾਂ ਨੂੰ ਅਜੇ ਪ੍ਰਵਾਨਗੀ ਦੇਣੀ ਹੈ ਪਰ ਇਸ ਨੇ ਸਟਾਫ ਨੂੰ ਕਿਹਾ ਕਿ ਉਹ ਪ੍ਰਵਾਨਗੀ ਲਈ ਭਵਿੱਖ ਵਿਚ ਅੱਗੇ ਲੈ ਕੇ ਆਵੇ। ਕੌਂਸਲਰ ਲੌਰੀ ਗੁਆਰਾ ਨੇ ਕਿਹਾ ਕਿ ਕੌਂਸਿਲ ਨੂੰ ਵੱਡੀ ਗਿਣਤੀ ਵਿਚ ਮਿਲ ਰਹੀਆਂ ਸ਼ਿਕਾਇਤਾ ਨੂੰ ਦੇਖਦੇ ਹੋਏ ਇਹ ਸਮੇਂ ਸਿਰ ਹੋ ਰਿਹਾ ਹੈ। ਤੁਹਾਨੂੰ ਪਤਾ ਹੈ ਕਿ ਜੇਕਰ ਲੋਕ ਕੌਂਸਲਰਾਂ ਕੋਲ ਆਉਂਦੇ ਹਨ ਤਾਂ ਇਹ ਉਨ੍ਹਾਂ ਦਾ ਆਖਰੀ ਚਾਰਾ ਹੁੰਦਾ ਹੈ।







# ਕਾਂਗਰਸ ਨੇ ਮੁੱਖ ਮੰਤਰੀ ਚੰਨੀ ਦੇ ਰਿਸ਼ਤੇਦਾਰਾਂ ਉਪਰ ਈਡੀ ਦੇ ਛਾਪਿਆਂ ਖ਼ਿਲਾਫ਼ ਚੋਣ ਕਮਿਸ਼ਨ ਕੋਲ ਸ਼ਿਕਾਇਤ ਕੀਤੀ

ਚੰਡੀਗੜ-ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵੱਲੋਂ 'ਰੇਤ ਮਾਫ਼ੀਆ' ਤੇ ਗੈਰਕਾਨੂੰਨੀ ਖਣਨ ਨੂੰ ਲੈ ਕੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਕਰੀਬੀ ਰਿਸ਼ਤੇਦਾਰ ਦੇ ਟਿਕਾਣਿਆਂ 'ਤੇ ਕੀਤੀ ਛਾਪੇਮਾਰੀ ਦਾ ਮਾਮਲਾ ਚੋਣ ਕਮਿਸ਼ਨ ਕੋਲ ਪੁੱਜ ਗਿਆ ਹੈ। ਕਾਂਗਰਸ ਪਾਰਟੀ ਨੇ ਚੋਣ ਕਮਿਸ਼ਨ ਕੋਲ ਵਰਚੁਅਲੀ ਇਸ ਸਬੰਧੀ ਇਕ ਰਸਮੀ ਸ਼ਿਕਾਇਤ ਦਰਜ ਕਰਾਈ ਹੈ। ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਰਣਦੀਪ ਸੁਰਜੇਵਾਲਾ, ਅਭਿਸ਼ੇਕ ਸਿੰਘਵੀ ਅਤੇ ਹਰੀਸ਼ ਚੌਧਰੀ ਨੇ ਸਾਂਝੇ ਤੌਰ 'ਤੇ ਚੋਣ ਕਮਿਸ਼ਨ ਤੱਕ ਪਹੁੰਚ ਕਰਕੇ ਈ ਡੀ ਦੇ ਛਾਪਿਆਂ ਨੂੰ ਨਿਰੋਲ ਸਿਆਸਤ ਤੋਂ ਪ੍ਰੇਰਿਤ ਦੱਸਿਆ ਹੈ। ਆਗੂਆਂ ਨੇ ਕਿਹਾ ਕਿ ਛਾਪੇ ਸੂਬੇ ਵਿੱਚ ਲਾਗੂ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਹੈ, ਲਿਹਾਜ਼ਾ ਇਸ ਮਾਮਲੇ 'ਚ ਫੌਰੀ ਦਖ਼ਲ ਦਿੱਤਾ ਜਾਵੇ। ਉਨ੍ਹਾਂ ਮੁੱਖ ਮੰਤਰੀ ਦਾ ਅਕਸ ਖ਼ਰਾਬ ਕਰਨ ਵਾਲੇ ਈਡੀ ਅਧਿਕਾਰੀਆਂ ਖਿਲਾਫ਼ ਕਾਰਵਾਈ ਦੀ ਮੰਗ ਵੀ ਕੀਤੀ ਹੈ। ਈਡੀ ਨੇ ਦਰਜਨਾਂ ਥਾਵਾਂ 'ਤੇ ਮਾਰੇ ਛਾਪਿਆਂ ਦੌਰਾਨ ਮੁੱਖ ਮੰਤਰੀ ਚੰਨੀ ਦੇ ਕਰੀਬੀ ਰਿਸ਼ਤੇਦਾਰ ਅਤੇ ਹੋਰਨਾਂ ਦੇ ਟਿਕਾਣਿਆਂ ਤੋਂ 10 ਕਰੋੜ ਰੁਪਏ ਦੀ ਨਗਦੀ ਮਿਲਣ ਦਾ ਦਾਅਵਾ ਕੀਤਾ ਸੀ, ਜਿਸ ਮਗਰੋਂ ਸਿਆਸੀ ਵਿਵਾਦ ਖੜ੍ਹਾ ਹੋ ਗਿਆ ਹੈ। ਮੁੱਖ ਮੰਤਰੀ ਚੰਨੀ ਖ਼ੁਦ ਆਖ ਚੁੱਕੇ ਹਨ ਕਿ ਕੇਂਦਰ ਦੀ ਭਾਜਪਾ ਸਰਕਾਰ ਚੋਣਾਂ ਲੜਨ ਤੋਂ ਰੋਕਣ ਲਈ ਅਜਿਹੀ ਸਾਜ਼ਿਸ਼ ਰਚ ਰਹੀ ਹੈ। ਸ਼ਿਕਾਇਤ ਵਿੱਚ



ਕਾਂਗਰਸੀ ਆਗੂਆਂ ਨੇ ਕਿਹਾ ਕਿ ਗ਼ਲਤ ਇਰਾਦੇ ਨਾਲ ਮੁੱਖ ਮੰਤਰੀ ਦੇ ਕਰੀਬੀਆਂ 'ਤੇ ਛਾਪੇ ਮਾਰਨ ਵਾਲੇ ਅਧਿਕਾਰੀਆਂ ਖਿਲਾਫ਼ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਛਾਪਿਆਂ ਰਾਹੀਂ ਮੁੱਖ ਮੰਤਰੀ ਦਾ ਅਕਸ ਵਿਗਾੜਨ ਦੀ ਕੋਸ਼ਿਸ਼ ਕੀਤੀ ਗਈ ਤਾਂ ਜੋ ਵੋਟਾਂ ਨੂੰ ਪ੍ਰਭਾਵਿਤ ਕੀਤਾ ਜਾ ਸਕੇ। ਸ਼ਿਕਾਇਤ ਵਿਚ ਲਿਖਿਆ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ 5 ਜਨਵਰੀ ਨੂੰ ਫ਼ਿਰੋਜ਼ਪੁਰ ਰੈਲੀ ਦੇ ਰਸਤੇ 'ਚੋਂ ਹੀ ਵਾਪਸ ਮੁੜਨਾ ਪੈ ਗਿਆ ਸੀ ਕਿਉਂਕਿ ਰੈਲੀ ਵਿਚ ਲਾਈਆਂ ਕੁਰਸੀਆਂ ਖ਼ਾਲੀ ਸੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਪੰਜਾਬੀਆਂ ਦੇ ਪੱਖ ਵਿਚ ਸਟੈਂਡ ਲਿਆ ਸੀ, ਜਿਸ ਦਾ ਬਦਲਾ ਲੈਣ ਲਈ ਛਾਪੇਮਾਰੀ ਕੀਤੀ ਗਈ ਹੈ। ਕਾਂਗਰਸ ਪਾਰਟੀ ਦੇ ਤਰਜਮਾਨ ਰਣਦੀਪ ਸੁਰਜੇਵਾਲਾ ਨੇ ਕਿਹਾ ਕਿ ਭਾਜਪਾ ਵੱਲੋਂ ਇਹ ਡੂੰਘੀ ਸਾਜ਼ਿਸ਼ ਰਚੀ ਗਈ ਹੈ। ਕਾਂਗਰਸੀ ਆਗੂਆਂ ਨੇ ਕਿਹਾ ਕਿ ਈਡੀ ਇਨ੍ਹਾਂ ਛਾਪਿਆਂ ਰਾਹੀਂ ਪੰਜਾਬ ਚੋਣਾਂ ਵਿਚ ਸਿੱਧਾ ਦਖ਼ਲ ਦੇ ਰਹੀ ਹੈ ਅਤੇ ਇਹ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਵੀ ਹੈ। ਆਗੂਆਂ ਨੇ ਚੋਣ ਕਮਿਸ਼ਨ ਨੂੰ ਕਿਹਾ ਕਿ ਇਹ ਆਦਰਸ਼ ਚੋਣ ਜ਼ਾਬਤੇ ਦੀ ਵੀ ਉਲੰਘਣਾ ਹੈ। ਉਧਰ ਕੈਬਨਿਟ ਮੰਤਰੀ ਡਾ. ਰਾਜ ਕੁਮਾਰ ਵੇਰਕਾ ਨੇ ਕਿਹਾ ਕਿ ਭਾਜਪਾ ਵੱਲੋਂ ਚਰਨਜੀਤ ਸਿੰਘ ਚੰਨੀ ਨੂੰ ਦਲਿਤ ਹੋਣ ਕਰਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

## ਈ ਡੀ ਦੇ ਛਾਪਿਆਂ ਨੇ ਮੁੱਖ ਮੰਤਰੀ ਚੰਨੀ ਦਾ ਮਖੌਟਾ ਲਾਹਿਆ-ਢੀਂਡਸਾ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਸੀਨੀਅਰ ਆਗੂ ਅਤੇ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਈਡੀ ਦੇ ਛਾਪਿਆਂ ਦੌਰਾਨ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਰਿਸ਼ਤੇਦਾਰ ਘਰੋਂ ਮਿਲੀ 10 ਕਰੋੜ ਰੁਪਏ ਦੀ ਵੱਡੀ ਰਕਮ ਤੇ ਸੋਨੇ ਨੇ ਆਮ ਆਦਮੀ ਦਾ ਮਖੌਟਾ ਪਾ ਕੇ ਘੁੰਮ ਰਹੇ ਚਰਨਜੀਤ ਸਿੰਘ ਚੰਨੀ ਦੀ ਪੋਲ ਖੋਲ੍ਹ ਦਿੱਤੀ ਹੈ। ਸ੍ਰੀ ਢੀਂਡਸਾ ਨੇ ਦੋਸ਼ ਲਾਇਆ ਕਿ ਵੱਡੇ ਪੱਧਰ 'ਤੇ ਗੈਰ-ਕਾਨੂੰਨੀ ਢੰਗ ਨਾਲ ਕਾਂਗਰਸ ਪਾਰਟੀ ਦੇ ਉਮੀਦਵਾਰਾਂ ਵੱਲੋਂ ਇਕੱਠਾ ਕੀਤਾ ਗਿਆ ਇਹ ਪੈਸਾ ਚੋਣਾਂ ਵਿੱਚ ਖਰਚ ਕੀਤਾ ਜਾ ਰਿਹਾ ਹੈ ਅਤੇ ਈਡੀ ਦੇ ਛਾਪੇ ਦੌਰਾਨ ਬਰਾਮਦ 10 ਕਰੋੜ ਰੁਪਏ ਤਾਂ ਸਿਰਫ਼ ਇਕ ਹਿੱਸਾ ਹੈ ਜਦਕਿ ਚੋਣਾਂ ਵਿੱਚ ਸੱਤਾ ਹਾਸਲ ਕਰਨ ਲਈ ਕਈ ਕਰੋੜ ਰੁਪਏ ਪਾਣੀ ਦੀ ਤਰ੍ਹਾਂ ਵਹਾਏ ਜਾ ਰਹੇ ਹਨ ਅਤੇ ਆਉਣ ਵਾਲੇ ਦਿਨਾਂ 'ਚ ਕਾਂਗਰਸ ਦੇ ਹੋਰ ਕਈ ਉਮੀਦਵਾਰਾਂ ਤੋਂ ਵੀ ਕਰੋੜਾਂ ਰੁਪਏ ਬਰਾਮਦ ਹੋਣ ਦੀ ਉਮੀਦ ਹੈ। ਸ੍ਰੀ ਢੀਂਡਸਾ ਨੇ ਕਿਹਾ ਕਿ ਚਰਨਜੀਤ ਸਿੰਘ ਚੰਨੀ ਆਏ ਦਿਨ ਪੰਜਾਬ ਦੇ ਲੋਕਾਂ ਨੂੰ ਆਮ ਆਦਮੀ ਹੋਣ ਦਾ ਡਰਾਮਾ ਕਰਕੇ ਗੁੰਮਰਾਹ ਕਰਦੇ ਰਹੇ ਹਨ ਅਤੇ ਅਸਲੀਅਤ 'ਚ ਪਿਛਲੇ ਤਿੰਨ ਮਹੀਨਿਆਂ ਦੌਰਾਨ ਬਤੌਰ ਮੁੱਖ ਮੰਤਰੀ ਉਨ੍ਹਾਂ ਵੱਲੋਂ ਕਰੋੜਾਂ ਰੁਪਏ ਇਕੱਠੇ ਕੀਤੇ ਗਏ ਹਨ ਅਤੇ ਇਹ ਸਾਰਾ ਪੈਸੇ ਆਪਣੇ ਰਿਸ਼ਤੇਦਾਰਾਂ ਕੋਲ ਸੰਭਾਲ ਦਿੱਤਾ ਗਿਆ ਹੈ।

## ਕਾਂਗਰਸ ਵਲੋਂ ਚੰਨੀ ਨੂੰ ਮੁੱਖ ਮੰਤਰੀ ਦਾ ਚਿਹਰਾ ਬਣਾਏ ਜਾਣ ਦੀ ਚਰਚਾ

### ਟਵਿੱਟਰ ਪੋਲ ਵਿਚ ਚੰਨੀ ਲੋਕਾਂ ਦੀ ਪਹਿਲੀ ਪਸੰਦ

ਨਵੀਂ ਦਿੱਲੀ-ਕਾਂਗਰਸ ਵੱਲੋਂ ਪੰਜਾਬ ਵਿਧਾਨ ਸਭਾ ਚੋਣਾਂ 'ਚ ਭਾਵੇਂ ਮੁੱਖ ਮੰਤਰੀ ਚਿਹਰੇ ਤੋਂ ਬਿਨਾਂ ਹੀ ਜਾਣ ਦਾ ਫ਼ੈਸਲਾ ਲਿਆ ਗਿਆ ਹੈ ਪਰ ਰਾਹੁਲ ਗਾਂਧੀ ਦੇ ਸਾਥੀ ਵੱਲੋਂ ਟਵਿੱਟਰ 'ਤੇ ਕਰਵਾਈ ਗਈ ਵੋਟਿੰਗ ਕਾਰਨ ਸੂਬੇ 'ਚ ਨਵਾਂ ਵਿਵਾਦ ਪੈਦਾ ਹੋ ਸਕਦਾ ਹੈ। ਇਹ ਟਵਿੱਟਰ ਪੋਲ ਰਾਹੁਲ ਗਾਂਧੀ ਦੇ ਨਜ਼ਦੀਕੀ ਨਿਖਿਲ ਅਲਵਾ ਵੱਲੋਂ ਕਰਵਾਇਆ ਗਿਆ ਹੈ ਜਿਸ ਨੇ ਲੋਕਾਂ ਤੋਂ ਪੁੱਛਿਆ ਸੀ ਕਿ ਪੰਜਾਬ 'ਚ ਕਿਹੜਾ ਆਗੂ ਮੁੱਖ ਮੰਤਰੀ ਅਹੁਦੇ ਦਾ ਚਿਹਰਾ ਹੋਣਾ ਚਾਹੀਦਾ ਹੈ। ਕਰੀਬ 69 ਫ਼ੀਸਦੀ ਲੋਕਾਂ ਨੇ ਚਰਨਜੀਤ ਸਿੰਘ ਚੰਨੀ ਦੇ ਪੱਖ 'ਚ ਵੋਟ ਦਿੱਤੀ ਜਦਕਿ ਨਵਜੋਤ ਸਿੰਘ ਸਿੱਧੂ ਨੂੰ 12 ਅਤੇ ਸੁਨੀਲ ਜਾਖੜ ਨੂੰ 9 ਫ਼ੀਸਦ ਵੋਟਾਂ ਮਿਲੀਆਂ ਹਨ। ਦੋਵੇਂ ਆਗੂ ਵੋਟਿੰਗ 'ਚ ਮੌਜੂਦਾ ਮੁੱਖ ਮੰਤਰੀ ਚੰਨੀ ਤੋਂ ਕੋਹਾਂ ਪਿੱਛੇ ਹਨ। ਕੁੱਲ ਵੋਟਾਂ 1,283 ਪਈਆਂ ਸਨ। ਨਿਖਿਲ, ਰਾਹੁਲ ਦੇ ਸੋਸ਼ਲ ਮੀਡੀਆ ਨੂੰ ਦੇਖਦਾ ਹੈ ਅਤੇ ਉਹ ਮਾਰਗ੍ਰੇਟ ਅਲਵਾ ਦਾ ਪੁੱਤਰ ਹੈ। ਨਿਖਿਲ ਨੇ ਕਿਹਾ ਕਿ ਲੋਕਾਂ ਤੋਂ ਸਿਆਸੀ ਫੀਡਬੈਕ ਲੈਣ ਲਈ ਇਹ ਚੰਗਾ ਪਲੈਟਫਾਰਮ ਹੈ ਅਤੇ ਇਸ 'ਚ ਕੋਈ ਹਰਜ਼ ਵੀ ਨਹੀਂ ਹੈ।" ਉਸ ਨੇ ਕਿਹਾ ਕਿ ਇਸ 'ਚ ਕੋਈ ਵੀ ਗੰਭੀਰਤਾ ਵਾਲੀ ਗੱਲ ਨਹੀਂ ਹੈ ਅਤੇ ਕੋਈ ਵਿਵਾਦ ਪੈਦਾ ਨਹੀਂ ਹੋਣਾ ਚਾਹੀਦਾ ਹੈ। ਉਂਜ ਕਾਂਗਰਸ ਪਾਰਟੀ ਵੱਲੋਂ ਪੰਜਾਬ 'ਚ ਕਿਸੇ ਵੀ ਆਗੂ ਨੂੰ ਮੁੱਖ ਮੰਤਰੀ ਚਿਹਰਾ ਐਲਾਨਣ ਤੋਂ ਗੁਰੇਜ਼ ਕੀਤੇ ਜਾਣ ਦੀ ਸੰਭਾਵਨਾ ਹੈ ਅਤੇ ਚੋਣਾਂ ਜਿੱਤਣ ਤੋਂ ਬਾਅਦ ਹੀ ਆਗੂ ਦਾ ਨਾਮ ਐਲਾਨਿਆ ਜਾਵੇਗਾ। ਜ਼ਿਕਰਯੋਗ ਹੈ ਕਿ ਪਾਰਟੀ ਪ੍ਰਧਾਨ ਨਵਜੋਤ ਸਿੰਘ ਸਿੱਧੂ ਚੋਣਾਂ ਤੋਂ ਪਹਿਲਾਂ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਵਜੋਂ ਵਿਚਰ ਰਹੇ ਹਨ ਅਤੇ ਉਹ ਸਾਥੀਆਂ ਤੋਂ ਹਮਾਇਤ ਲੈਣ ਦੀ ਵੀ ਕੋਸ਼ਿਸ਼ ਕਰ ਰਹੇ ਹਨ। ਮੁੱਖ ਮੰਤਰੀ ਚੰਨੀ ਵੀ ਪਾਰਟੀ ਹਾਈਕਮਾਨ ਨੂੰ ਪ੍ਰਭਾਵਿਤ ਕਰਨ ਦੀਆਂ ਕੋਸ਼ਿਸ਼ਾਂ 'ਚ ਹਨ।

## ਸਿਮਰਜੀਤ ਸਿੰਘ ਦਹੇਲਾ ਦੀ ਭੇਦਭਰੀ ਹਾਲਤ 'ਚ ਮੌਤ

ਵੈਨਕੂਵਰ-ਦੋ ਸਾਲ ਪਹਿਲਾਂ ਆਏ ਕੌਮਾਂਤਰੀ ਵਿਦਿਆਰਥੀ ਸਿਮਰਜੀਤ ਸਿੰਘ ਦਹੇਲਾ (19) ਦੀ ਭੇਦਭਰੀ ਹਾਲਤ ਵਿਚ ਮੌਤ ਹੋਣ ਦੀ ਦੁਖਦਾਈ ਖਬਰ ਹੈ। ਉਸ ਦੀ ਲਾਸ਼ ਫਰੇਜ਼ਰ ਦਰਿਆ ਵਿਚ ਐਲੈਕਸ ਬ੍ਰਿਜ ਨੇੜਿਉਂ ਮਿਲੀ ਹੈ। ਲੁਧਿਆਣਾ ਜ਼ਿਲ੍ਹੇ ਨਾਲ ਸਬੰਧਤ ਸਿਮਰਜੀਤ ਸਾਥੀਆਂ ਨਾਲ ਸਰੀ ਰਹਿੰਦਾ ਸੀ ਤੇ ਪਿਛਲੇ ਤਿੰਨ ਦਿਨ ਤੋਂ ਗੁੰਮ ਸੀ। ਪੁਲੀਸ ਵਲੋਂ ਉਸ ਦੀ ਮੌਤ ਦੀ ਜਾਂਚ ਕੀਤੀ ਜਾ ਰਹੀ ਹੈ। ਦੱਸਣਯੋਗ ਹੈ ਕਿ ਇਸ ਸਾਲ ਦੂਜੇ ਪੰਜਾਬੀ ਵਿਦਿਆਰਥੀ ਦੀ ਮੌਤ ਹੋਈ ਹੈ। ਸਥਾਨਕ ਲੋਕਾਂ ਦਾ ਦੋਸ਼ ਹੈ ਕਿ ਪੁਲੀਸ ਵਲੋਂ ਵਿਦਿਆਰਥੀਆਂ ਦੀ ਸ਼ੱਕੀ ਮੌਤ ਦੀ ਜਾਂਚ ਗੰਭੀਰਤਾ ਨਾਲ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਪੁਲੀਸ ਵਲੋਂ ਕੁਝ ਮੌਤਾਂ ਨੂੰ ਖੁਦਕੁਸ਼ੀ ਦੇ ਖਾਤੇ ਪਾ ਕੇ ਮਾਮਲਾ ਖਤਮ ਕਰ ਦਿੱਤਾ ਗਿਆ ਹੈ।


BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping





Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC



CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir $4.95 EA
1X4 Red Cedar 10' $2.95 EA
4X8X3/8" Paint Grade Plywood $21.95 EA
4X8X1/2" Paint Grade Plywood $29.95 EA
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
We Deliver to Your Job Site
(Even to the Moon)
"Where the Builders Buy"



REAL ESTATE BUY & SELL
KULWANT ATWAL
604-716-2135
MORTGAGES 1st, 2nd or Private
BHAJAN ATWAL
604-773-8426
BUILD WITH WARRANTY
BUILD, SUPPORT & ADVICE
TEAM WORK
604-773-8426
604-594-7592





Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:





amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426

# ਕੇਜਰੀਵਾਲ ਸਰਕਾਰ ਵੱਲੋਂ ਪ੍ਰੋ: ਭੁੱਲਰ ਦੀ ਰਿਹਾਈ ਸੰਬੰਧੀ ਫਾਈਲ ਕਲੀਅਰ ਨਾ ਕਰਨ ਦੀ ਸੂਰਤ 'ਚ ਪੰਥਕ ਧਿਰਾਂ ਵੱਲੋਂ ਆਪ ਦੇ ਉਮੀਦਵਾਰਾਂ ਦੇ ਘਿਰਾਓ ਦੀ ਚਿਤਾਵਨੀ

## ਭਾਰਤੀ ਸੰਵਿਧਾਨ ਦੀ ਆਰਟੀਕਲ 72 ਅਧੀਨ ਬਾਕੀ ਦੇ ਵੀ ਬੰਦੀ ਸਿੰਘ ਤੁਰੰਤ ਰਿਹਾਅ ਕਰੇ ਕੇਂਦਰ ਸਰਕਾਰ

ਅੰਮ੍ਰਿਤਸਰ-ਸਜਾ ਪੂਰੀ ਕਰ ਚੁੱਕੇ ਸਿੱਖ ਸਿਆਸੀ ਕੈਦੀ ਪ੍ਰੋ: ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਨਾ ਹੋਣ ਤੇ ਸਿੱਖ ਕੌਮ ਅੰਦਰ ਵਿਆਪਕ ਰੋਸ ਦੇ ਚਲਦਿਆਂ ਸੰਘਰਸ਼ਸ਼ੀਲ ਸਿੱਖ ਜਥੇਬੰਦੀਆਂ ਦਿਲੀ ਦੀ ਕੇਜਰੀਵਾਲ ਸਰਕਾਰ ਪ੍ਰਤੀ ਸਖ਼ਤੀ ਦੇ ਰੌਂਅ ਵਿਚ ਹਨ। ਇਸ ਮੁੱਦੇ ਨੂੰ ਲੈ ਕੇ ਕੇਜਰੀਵਾਲ ਨੂੰ ਸਿੱਖ ਕੌਮ ਦੇ ਵਿਆਪਕ ਰੋਸ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਅੰਮ੍ਰਿਤਸਰ ਵਿਖੇ ਸਿੱਖ ਪੰਥ ਦੀਆਂ ਸੰਘਰਸ਼ਸ਼ੀਲ ਧਿਰਾਂ ਦੇ ਆਗੂਆਂ ਵੱਲੋਂ ਪ੍ਰੈੱਸ ਕਾਨਫ਼ਰੰਸ ਕਰਦਿਆਂ ਇਹ ਚਿਤਾਵਨੀ ਵੀ ਦਿੱਤੀ ਗਈ ਕਿ ਦਿਲੀ ਦੀ ਕੇਜਰੀਵਾਲ ਸਰਕਾਰ ਵੱਲੋਂ ਗ੍ਰਹਿ ਮੰਤਰਾਲੇ ਦੀਆਂ ਗਾਈਡ ਲਾਈਨਜ਼ ਅਨੁਸਾਰ ਜੇਲ੍ਹ ਵਿਭਾਗ ਪੰਜਾਬ ਵੱਲੋਂ ਭੇਜੀ ਪ੍ਰੋ: ਭੁੱਲਰ ਦੀ ਪੱਕੀ ਰਿਹਾਈ ਦੀ ਫਾਈਲ ਕਲੀਅਰ ਨਾ ਕਰਦਿਆਂ ਪ੍ਰੋ: ਭੁੱਲਰ ਦੀ ਰਿਹਾਈ ਤੋਂ ਇਨਕਾਰ ਕਰਨ ਦੀ ਸੂਰਤ 'ਚ ਸਿੱਖ ਪੰਥ ਵੱਲੋਂ ਸਮੂਹ ਪੰਜਾਬ ਵਾਸੀਆਂ ਨੂੰ ਨਾਲ ਲੈ ਕੇ 26 ਜਨਵਰੀ ਤੋਂ ਬਾਅਦ ਕੇਜਰੀਵਾਲ ਦੇ ਉਮੀਦਵਾਰਾਂ ਨੂੰ ਥਾਂ ਥਾਂ ਘੇਰਿਆ ਜਾਵੇਗਾ। ਪ੍ਰੋ: ਭੁਲਰ ਦੀ ਧਰਮ ਪਤਨੀ ਬੀਬੀ ਨਵਨੀਤ ਕੌਰ ਦੀ ਹਾਜਰੀ ਵਿਚ ਪੰਥਕ ਆਗੂਆਂ ਭਾਈਸਰਵਣ ਸਿੰਘ ਅਗਵਾਨ ਭਰਾਤਾ ਸ਼ਹੀਦ ਭਾਈ ਸਤਵੰਤ ਸਿੰਘ ਅਗਵਾਨ,ਭਾਈ ਨਰਾਇਣ ਸਿੰਘ ਚੋੜਾ ਅਕਾਲ ਫੈਡਰੇਸ਼, ਭਾਈ ਰਣਜੀਤ ਸਿੰਘ ਬੱਗਾ ਕੈਨੇਡਾ, ਭਾਈ ਹਰਜਿੰਦਰ ਸਿੰਘ ਜਿੰਦਾ ਸਿਖ ਸਟੂਡੇਟਸ ਫੈਫਰੇਸ਼ਨ, ਭਾਈ ਖੁਸਵੰਤ ਸਿੰਘ ਬਾਘਾ, ਭਾਈ ਬਾਬਾ ਰਾਜੂ ਸਿੰਘ ਇਸ਼ਨਾਨ ਸੇਵਕ ਜਥਾ ਸ੍ਰੀ ਦਰਬਾਰ ਸਾਹਿਬ, ਭਾਈ ਵਰਿਆਮ ਸਿੰਘ ਅਗਵਾਨ, ਜਥੇ: ਪੰਜਾਬ ਸਿੰਘ ਸੁਲਤਾਨਵਿੰਡ ਨੇ ਜ਼ੋਰ ਦੇ ਕੇ ਕਿਹਾ ਕਿ ਪ੍ਰੋ: ਭੁੱਲਰ ਦੀ ਰਿਹਾਈ 'ਚ ਇਸ ਸਮੇਂ ਕੋਈ ਵੀ ਕਾਨੂੰਨੀ ਅੜਿੱਕਾ ਬਾਕੀ ਨਹੀਂ ਰਿਹਾ, ਇਸ ਦੇ ਬਾਵਜੂਦ ਪ੍ਰੋ: ਭੁੱਲਰ ਦੀ ਰਿਹਾਈ ਪ੍ਰਤੀ ਕੇਜਰੀਵਾਲ ਦੀ ਸਿੱਖ ਪੰਥ ਅਤੇ ਪੰਜਾਬੀਆਂ ਦੀਆਂ ਭਾਵਨਾਵਾਂ ਦੇ ਉਲਟ ਜਾ ਕੇ ਨਕਾਰਾਤਮਿਕ ਰਵੱਈਆ ਅਪਣਾਇਆ ਜਾ ਰਿਹਾ ਹੈ। ਪੰਥਕ ਆਗੂਆਂ ਨੇ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਸਿੱਖ ਪੰਥ ਦੇ ਸੰਘਰਸ਼ਸ਼ੀਲ ਯੋਧਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਤਕ ਸੀਮਤ ਨਾ ਹੋ ਕੇ ਕੌਮ ਦਾ ਭਾਵਨਾਤਮਕ ਤੇ ਸੰਵੇਦਨਸ਼ੀਲ ਮੁੱਦਾ ਬਣ ਚੁੱਕਿਆ ਹੈ। ਉਨ੍ਹਾਂ ਪ੍ਰੋ: ਭੁੱਲਰ ਦੀ ਰਿਹਾਈ ਸੰਬੰਧੀ ਕੋਈ ਵੀ ਕਾਨੂੰਨੀ ਅੜਿੱਕਾ ਬਾਕੀ ਨਾ ਹੋਣ ਬਾਰੇ



ਦੱਸਿਆ ਕਿ ਦਿਲੀ ਦੀ ਅਰਵਿੰਦ ਕੇਜਰੀਵਾਲ ਸਰਕਾਰ ਦੇ ਸਜਾ ਸਮੀਖਿਆ ( ਸੈਂਟੈਂਸ ਰਿਵਿਊ) ਬੋਰਡ ਵੱਲੋਂ ਭਾਵੇਂ 2020 'ਚ ਪ੍ਰੋ: ਭੁੱਲਰ ਦੀ ਰਿਹਾਈ ਨੂੰ ਖ਼ਾਰਜ ਕੀਤਾ ਗਿਆ ਸੀ, ਪਰ 9 ਦਸੰਬਰ 2021 ਨੂੰ ਜਦੋਂ ਸੁਪਰੀਮ ਕੋਰਟ ਵੱਲੋਂ ਪ੍ਰੋ: ਭੁੱਲਰ ਦੀ ਰਿਹਾਈ ਦੇ ਆਖ਼ਰੀ ਅੜਿੱਕੇ ਵਜੋਂ ਮਨਜਿੰਦਰ ਸਿੰਘ ਬਿੱਟੇ ਦੀ ਰਿੱਟ ਖ਼ਾਰਜ ਕਰਨ ਤੋਂ ਬਾਅਦ ਹੁਣ ਕੋਈ ਕਾਨੂੰਨੀ ਅੜਿੱਕਾ ਨਹੀਂ ਰਹਿ ਗਿਆ ਹੈ। ਇਸ ਲਈ ਕੇਜਰੀਵਾਲ ਸਰਕਾਰ ਵੱਲੋਂ ਇਸ ਸੰਬੰਧੀ ਤੁਰੰਤ ਫ਼ੈਸਲਾ ਲੈ ਕੇ ਪ੍ਰੋ: ਭੁੱਲਰ ਦੀ ਰਿਹਾਈ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਦਿੱਲੀ ਦੀ ਮੁੱਖ ਮੰਤਰੀ ਹੁੰਦਿਆਂ ਸ਼ੀਲਾ ਦੀਕਸ਼ਿਤ ਨੇ ਦਿਲੀ ਸਿੱਖ ਕਤਲੇਆਮ ਦੇ ਦੋਸ਼ੀ ਲਲਿਤ ਮਾਲਨ ਕਤਲ ਕੇਸ ਵਿੱਚ ਜੇਲ੍ਹ ਵਿੱਚ ਬੰਦ ਭਾਈ ਰਣਜੀਤ ਸਿੰਘ ਕੁੱਕੀ ਗਿੱਲ ਨੂੰ ਰਿਹਾਅ ਕੀਤਾ, ਉਸ ਉਪਰੰਤ ਵੀ ਉਹ ਦੋ ਵਾਰ ਦਿੱਲੀ ਦੀ ਮੁੱਖ ਮੰਤਰੀ ਬਣੀ, ਫਿਰ ਕੇਜਰੀਵਾਲ ਕੋਈ ਵੋਟ ਰਾਜਨੀਤੀ ਤੋ ਕਿਉਂ ਡਰ ਰਿਹਾ ? ਕੀ ਇਹ ਕੀ ਇਹ ਅੰਦਰੂਨੀ ਤੌਰ 'ਤੇ ਸਿੱਖ ਵਿਰੋਧੀ ਹੋਣ ਦਾ ਪ੍ਰਗਟਾਵਾ ਤਾਂ ਨਹੀਂ, ਕਿ ਉਹ ਪ੍ਰੋ: ਭੁੱਲਰ ਦੀ ਰਿਹਾਈ ਦੀ ਕਲੀਅਰ ਹੋਈ ਫਾਈਲ ਤੇ ਸਾਈਨ ਨਹੀਂ ਕਰ ਰਿਹਾਓ । ਸਿੱਖ ਸੰਘਰਸ਼ ਦੀ ਗਲ ਕਰਦਿਆਂ ਉਨ੍ਹਾਂ ਕਿਹਾ ਕਿ ਸਿੱਖ ਨੌਜਵਾਨਾਂ ਵੱਲੋਂ ਪੰਥਕ ਭਾਵਨਾਵਾਂ ਤਹਿਤ ਪੰਥ ਦੀ ਜੂਨ ਚੁਰਾਸੀ ਵਿੱਚ ਭਾਰਤੀ ਸਰਕਾਰ ਵੱਲੋਂ ਲਾਹੀ ਗਈ ਪੱਗ ਅਤੇ ਦਿੱਲੀ ਦੰਗਿਆਂ ਵਿੱਚ ਹਜ਼ਾਰਾਂ ਬੇਦੋਸ਼ੇ ਸਿੱਖਾਂ ਨੂੰ ਕੋਹ ਕੋਹ ਕੇ ਮਾਰਨ ਵਿਰੁੱਧ ਸੰਘਰਸ਼ ਵਿੱਚ ਹਜ਼ਾਰਾਂ ਸਿੱਖ ਨੌਜੁਆਨਾਂ ਦੀਆਂ ਸ਼ਹੀਦੀਆਂ ਹੋਈਆਂ ਤੇ ਅਨੇਕਾਂ ਸਿੱਖ ਨੌਜਵਾਨਾਂ ਨੂੰ ਲੰਮੀਆਂ ਕੈਦਾਂ ਹੋਈਆਂ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਸ਼ਤਾਬਦੀ ਮੌਕੇ ਜਾਰੀ ਕੀਤੀ ਗਈ ਨੋਟੀਫ਼ਿਕੇਸ਼ਨ ਮੁਤਾਬਿਕ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜਾ ਉਮਰ ਕੈਦ ਵਿਚ ਤਬਦੀਲੀ, ਪ੍ਰੋ: ਦਵਿੰਦਰ ਪਾਲ ਸਿੰਘ ਭੁੱਲਰ ਤੇ ਭਾਈ ਗੁਰਦੀਪ ਸਿੰਘ ਖੈੜਾ ਦੀ ਰਿਹਾਈ ਹਾਲੇ ਵੀ ਬਾਕੀ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਕਰੀਬ 9 ਬੰਦੀ ਸਿੰਘ 25 - 30 ਸਾਲ ਤੋਂ ਵੱਖ ਵੱਖ ਜੇਲ੍ਹਾਂ ਵਿਚ ਨਜ਼ਰਬੰਦ ਹਨ। ਜਿਨ੍ਹਾਂ ਦੀ ਰਿਹਾਈ ਉਨ੍ਹਾਂ ਦਾ ਕਾਨੂੰਨੀ ਅਤੇ ਮਾਨਵੀ ਹੱਕ ਹੈ। ਇਸ ਦੇ ਨਾਲ ਹੀ ਪੰਥਕ ਜਥੇਬੰਦੀਆਂ ਦੇ ਆਗੂਆਂ ਨੇ ਪ੍ਰੋ: ਭੁੱਲਰ ਸਮੇਤ ਬਾਕੀ ਰਹਿੰਦੇ 9 ਸਿੱਖ ਸਿਆਸੀ ਕੈਦੀਆਂ ਜਿਨ੍ਹਾਂ 'ਚ ਭਾਈ ਬਲਵੰਤ ਸਿੰਘ ਰਾਜੋਆਣਾ, ਭਾਈ ਗੁਰਦੀਪ ਸਿੰਘ ਖੈੜਾ, ਭਾਈ ਜਗਤਾਰ ਸਿੰਘ ਹਵਾਰਾ, ਭਾਈ ਜਗਤਾਰ ਸਿੰਘ ਤਾਰਾ, ਭਾਈ ਪਰਮਜੀਤ ਸਿੰਘ ਭਿ ?ਰਾ, ਭਾਈ ਲਖਵਿੰਦਰ ਸਿੰਘ ਲੱਖਾ, ਭਾਈ ਸ਼ਮਸ਼ੇਰ ਸਿੰਘ ਸ਼ੇਰਾ, ਭਾਈ ਗੁਰਮੀਤ ਸਿੰਘ ਮੀਤਾ ਇੰਜੀਨੀਅਰ, ਭਾਈ ਜਗਤਾਰ ਸਿੰਘ ਜੱਗੀ ਜੌਹਲ ਆਦਿ ਸਾਰੇ ਬੰਦੀ ਸਿੰਘਾਂ ਦੀ ਭਾਰਤੀ ਸੰਵਿਧਾਨ ਦੀ ਆਰਟੀਕਲ 72 ਅਧੀਨ ਤੁਰੰਤ ਰਿਹਾਈ ਕਰਨ ਦੀ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕੇਂਦਰੀ ਸਰਕਾਰ ਨੇ ਬੰਦੀ ਸਿੰਘਾਂ ਦੀ ਰਿਹਾਈ ਦਾ ਫ਼ੈਸਲਾ ਨਾ ਲਿਆ ਤਾਂ ਉਨ੍ਹਾਂ ਦੇ ਉਮੀਦਵਾਰਾਂ ਦੇ ਘਿਰਾ ? ਸ਼ੁਰੂ ਕਰਨ ਲਈ ਫ਼ੈਸਲਾ ਵੱਖਰੇ ਤੌਰ 'ਤੇ ਲਿਆ ਜਾਵੇਗਾ।

### ਭਾਈ ਰਣਜੀਤ ਸਿੰਘ ਕੁੱਕੀ ਗਿੱਲ ਨੂੰ ਰਿਹਾਅ ਕਰਨ ਵਾਲੀ ਸ਼ੀਲਾ ਦੀਕਸ਼ਿਤ ਦੋ ਵਾਰ ਦਿੱਲੀ ਦੀ ਮੁੱਖ ਮੰਤਰੀ ਬਣੀ ਫਿਰ ਕੇਜਰੀਵਾਲ ਵੋਟ ਰਾਜਨੀਤੀ ਦਾ ਅਸਰ ਹੈ ਜਾਂ ਅੰਦਰੂਨੀ ਸਿੱਖ ਵਿਰੋਧੀ ਸੋਚ ਦਾ ਪ੍ਰਗਟਾਵਾ ?





WE HAVE MOVED TO BIGGER & BETTER LOCATION
#208-7110-120TH ST, SURREY

ICBC
NO WIN NO FEE
WE DO HOME & HOSPITAL VISITS

*Your Lawyers, Because We Care*

- Criminal Law
- Divorce Cases
- Immigration Law
- Notary Services

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM

## ਅਕਾਲੀ ਵਿਧਾਇਕ ਵਡਾਲਾ ਦੀ ਚੋਣ ਮੀਟਿੰਗ ਦੌਰਾਨ ਗੋਲੀ ਚੱਲੀ

ਜਲੰਧਰ-ਨਕੋਦਰ ਵਿਧਾਨ ਸਭਾ ਹਲਕੇ ਦੇ ਚੂਹੜ ਪਿੰਡ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ ਚੋਣ ਮੀਟਿੰਗ ਸੀ। ਇਸ ਦੌਰਾਨ ਸ੍ਰੀ ਵਡਾਲਾ ਮੀਟਿੰਗ ਮਗਰੋਂ ਅਜੇ ਰਵਾਨਾ ਹੋਏ ਹੀ ਸਨ ਕਿ ਦੋ ਧੜਿਆਂ ਦਰਮਿਆਨ ਗੋਲੀਆਂ ਚੱਲ ਗਈਆਂ। ਚੋਣ ਜ਼ਾਬਤਾ ਲਾਗੂ ਹੋਣ ਦੇ ਬਾਵਜੂਦ ਗੋਲੀਆਂ ਚੱਲਣਾ ਵੱਡਾ ਸਵਾਲ ਖੜ੍ਹਾ ਕਰਦੀਆਂ ਹਨ। ਇਸ ਘਟਨਾ ਵਿਚ ਚੂਹੜ ਪਿੰਡ ਦੇ ਸਰਬਜੀਤ ਸਿੰਘ ਸੋਢੀ ਨਾਂ ਦੇ ਨੌਜਵਾਨ ਦੇ ਗੋਲੀ ਲੱਗੀ। ਗੰਭੀਰ ਜ਼ਖ਼ਮੀ ਹੋਏ ਨੌਜਵਾਨ ਨੂੰ ਸਿਵਲ ਹਸਪਤਾਲ ਨਕੋਦਰ ਦਾਖ਼ਲ ਕਰਵਾਇਆ ਗਿਆ ਜਿੱਥੋਂ ਉਸ ਨੂੰ ਜਲੰਧਰ ਰੈਫਰ ਕਰ ਦਿੱਤਾ ਗਿਆ। ਇਸ ਘਟਨਾ ਨੇ ਪੁਲੀਸ ਵੱਲੋਂ ਕੀਤੇ ਸੁਰੱਖਿਆ ਪ੍ਰਬੰਧਾਂ ਦੀ ਵੀ ਪੋਲ ਖੋਲ੍ਹ ਦਿੱਤੀ ਹੈ। ਇਸ ਗੱਲ 'ਤੇ ਵੀ ਪ੍ਰਸ਼ਨ ਚਿੰਨ੍ਹ ਲਾ ਦਿੱਤਾ ਹੈ ਕਿ ਚੋਣਾਂ ਤੋਂ ਪਹਿਲਾਂ ਲੋਕਾਂ ਨੇ ਹਥਿਆਰ ਜਮ੍ਹਾਂ ਨਹੀਂ ਕਰਵਾਏ ਜਾਂ ਫਿਰ ਨਾਜਾਇਜ਼ ਅਸਲੇ ਨਾਲ ਗੋਲੀ ਚਲਾਈ ਗਈ ਹੈ। ਘਟਨਾ ਦੀ ਸੂਚਨਾ ਮਿਲਦਿਆਂ ਹੀ ਉੱਗੀ ਪੁਲੀਸ ਚੌਕੀ ਦੇ ਇੰਚਾਰਜ ਅਤੇ ਨਕੋਦਰ ਸਦਰ ਥਾਣੇ ਦੇ ਐੱਸਐੱਚਓ ਪਰਮਿੰਦਰ ਸਿੰਘ, ਥਾਣਾ ਸਿਟੀ ਦੇ ਐੱਸਐੱਚਓ ਕਿਰਪਾਲ ਸਿੰਘ ਅਤੇ ਡੀਐੱਸਪੀ ਲਖਵਿੰਦਰ ਸਿੰਘ ਮੌਕੇ 'ਤੇ ਪਹੁੰਚੇ। ਪੁਲੀਸ ਨੇ ਉੱਥੇ ਮੌਜੂਦ ਲੋਕਾਂ ਦੇ ਬਿਆਨ ਕਲਮਬੱਧ ਕੀਤੇ। ਮੌਕੇ 'ਤੇ ਮੌਜੂਦ ਲੋਕਾਂ ਨੇ ਦੱਸਿਆ ਕਿ ਇਹ ਘਟਨਾ ਦੁਪਹਿਰ ਬਾਅਦ ਤਿੰਨ ਵਜੇ ਦੇ ਕਰੀਬ ਵਾਪਰੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਗੁਰਪ੍ਰਤਾਪ ਸਿੰਘ ਵਡਾਲਾ ਜਦੋਂ ਚੋਣ ਮੀਟਿੰਗ ਨੂੰ ਸੰਬੋਧਨ ਕਰ ਕੇ ਅਜੇ ਗਏ ਹੀ ਸਨ ਕਿ ਪਿੱਛਿਓਂ ਦੋ ਧੜਿਆਂ ਵਿਚ ਝਗੜਾ ਹੋ ਗਿਆ ਤੇ ਦੋ ਗੋਲੀਆਂ ਚੱਲੀਆਂ। ਇਸ ਘਟਨਾ ਵਿਚ ਸੋਢੀ ਨਾਂ ਦੇ ਨੌਜਵਾਨ ਦੇ ਗੋਲੀ ਲੱਗੀ ਜੋ ਸਾਬਕਾ ਸਰਪੰਚ ਦਾ ਡਰਾਈਵਰ ਦੱਸਿਆ ਜਾਂਦਾ ਹੈ। ਵਿਧਾਇਕ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਦੱਸਿਆ ਕਿ ਇਹ ਘਟਨਾ ਉਨ੍ਹਾਂ ਦੇ ਉੱਥੋਂ ਜਾਣ ਤੋਂ ਬਾਅਦ ਵਾਪਰੀ ਹੈ। ਇਹ ਦੋ ਧੜਿਆਂ 'ਚ ਆਪਸੀ ਰੰਜਿਸ਼ ਦਾ ਮਾਮਲਾ ਹੈ।

## ਚੰਨੀ ਦੀ ਚਮਕੌਰ ਸਾਹਿਬ ਤੋਂ ਹਾਰ ਪੱਕੀ-ਕੇਜਰੀਵਾਲ ਦਾ ਦਾਅਵਾ

ਚੰਡੀਗੜ੍ਹ-'ਆਪ' ਆਗੂ ਅਰਵਿੰਦ ਕੇਜਰੀਵਾਲ ਨੇ ਅੱਜ ਦਾਅਵਾ ਕੀਤਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਗਲੇ ਮਹੀਨੇ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ 'ਚ ਚਮਕੌਰ ਸਾਹਿਬ ਸੀਟ ਤੋਂ ਹਾਰ ਜਾਣਗੇ। ਉਨ੍ਹਾਂ ਕਿਹਾ ਕਿ ਲੋਕ ਚੰਨੀ ਦੇ ਰਿਸ਼ਤੇਦਾਰ ਘਰੋਂ ਕਰੋੜਾਂ ਰੁਪਏ ਫੜੇ ਜਾਣ ਤੋਂ ਹੱਕੇ-ਬੱਕੇ ਹਨ। ਉਨ੍ਹਾਂ ਟਵੀਟ ਤੇ ਕਿਹਾ,'ਸਾਡਾ ਸਰਵੇਖਣ ਦਿਖਾ ਰਿਹਾ ਹੈ ਕਿ ਚੰਨੀ ਜੀ ਚਮਕੌਰ ਸਾਹਿਬ ਤੋਂ ਹਾਰ ਰਹੇ ਹਨ। ਲੋਕ ਟੀਵੀ 'ਤੇ ਈਡੀ ਅਫਸਰਾਂ ਨੂੰ ਨੋਟਾਂ ਦੇ ਬੰਡਲ ਗਿਣਦੇ ਦੇਖ ਕੇ ਹੈਰਾਨ ਹਨ। ਚੰਨੀ ਵਿਧਾਨ ਸਭਾ ਚੋਣਾਂ ਚਮਕੌਰ ਸਾਹਿਬ ਤੋਂ ਲੜ ਰਹੇ ਹਨ। ਸ੍ਰੀ ਕੇਜਰੀਵਾਲ ਨੇ ਬੁੱਧਵਾਰ ਨੂੰ ਕਿਹਾ ਸੀ ਕਿ ਚੰਨੀ ਆਮ ਆਦਮੀ ਨਹੀਂ ਬਲਕਿ ਬੇਈਮਾਨ ਆਦਮੀ ਹੈ।

# ਸੀਨੀਅਰ ਕਾਂਗਰਸੀ ਆਗੂ ਮਹਿੰਦਰ ਕੇਪੀ ਵੱਲੋਂ ਜਲੰਧਰ ਛਾਉਣੀ ਤੋਂ ਪਰਗਟ ਸਿੰਘ ਖਿਲਾਫ ਚੋਣ ਲੜਨ ਦਾ ਐਲਾਨ



ਜਲੰਧਰ-ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਤੇ ਸਾਬਕਾ ਸੰਸਦ ਮੈਂਬਰ ਮਹਿੰਦਰ ਸਿੰਘ ਕੇਪੀ ਨੇ ਫੈਸਲਾ ਕੀਤਾ ਹੈ ਕਿ ਉਹ ਜਲੰਧਰ ਛਾਉਣੀ ਤੋਂ ਸਿੱਖਿਆ ਮੰਤਰੀ ਪਰਗਟ ਸਿੰਘ ਵਿਰੁੱਧ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨਗੇ। ਸ੍ਰੀ ਕੇਪੀ ਦੀ ਰਿਹਾਇਸ਼ 'ਤੇ ਉਨ੍ਹਾਂ ਦੇ ਸਮਰਥਕਾਂ ਦੀ ਹੋਈ ਮੀਟਿੰਗ 'ਚ ਅੱਜ ਇਹ ਫੈਸਲਾ ਲਿਆ ਗਿਆ। ਜਲੰਧਰ ਛਾਉਣੀ ਹਲਕੇ 'ਚ ਜਨ- ਸੰਪਰਕ ਮੁਹਿੰਮ 20 ਜਨਵਰੀ ਨੂੰ ਲਾਂਬੜਾ ਤੋਂ ਸ਼ੁਰੂ ਕੀਤੀ ਜਾ ਰਹੀ ਹੈ। ਮੀਟਿੰਗ ਦੌਰਾਨ ਵੀ ਮਹਿੰਦਰ ਸਿੰਘ ਕੇਪੀ ਨੇ ਕਾਂਗਰਸ ਹਾਈਕਮਾਂਡ ਨੂੰ ਟਿਕਟਾਂ ਦੀ ਹੋਈ ਵੰਡ 'ਤੇ ਪੁਨਰ-ਵਿਚਾਰ ਕਰਨ ਦੀ ਅਪੀਲ ਕੀਤੀ। ਸ੍ਰੀ ਕੇਪੀ ਨੇ ਕਿਹਾ ਕਿ ਦਲਿਤ ਭਾਈਚਾਰੇ ਦਾ ਵੱਡਾ ਹਿੱਸਾ ਮਹਿਸੂਸ ਕਰ ਰਿਹਾ ਹੈ ਕਿ ਜਿਨ੍ਹਾਂ ਮਜ਼ਬੂਤ ਕਾਂਗਰਸੀ ਆਗੂਆਂ ਨੇ ਪਾਰਟੀ ਦੀਆਂ ਜੜ੍ਹਾਂ ਡੂੰਘੀਆਂ ਕੀਤੀਆਂ ਸਨ, ਅੱਜ ਉਨ੍ਹਾਂ ਦੇ ਪਰਿਵਾਰਾਂ ਨੂੰ ਦਰ-ਕਿਨਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਇਹ ਸਵਾਲ ਵੀ ਦੁਹਰਾਇਆ ਕਿ ਚੌਧਰੀਆਂ ਦੇ ਪਰਿਵਾਰ ਨੂੰ ਤਿੰਨ ਟਿਕਟਾਂ ਕਿਵੇਂ ਦਿੱਤੀਆਂ ਗਈਆਂ ਹਨ, ਜਦਕਿ ਪਾਰਟੀ 'ਚ ਫੈਸਲਾ ਹੋਇਆ ਸੀ ਕਿ ਇਕ ਪਰਿਵਾਰ ਨੂੰ ਇਕੋ ਟਿਕਟ ਹੀ ਮਿਲੇਗੀ। ਜਾਣਕਾਰੀ ਅਨੁਸਾਰ ਮਹਿੰਦਰ ਸਿੰਘ ਕੇਪੀ ਸਿੱਖਿਆ ਮੰਤਰੀ ਪਰਗਟ ਸਿੰਘ ਤੋਂ ਇਸ ਕਰਕੇ ਖ਼ਫ਼ਾ ਦੱਸੇ ਜਾ ਰਹੇ ਹਨ ਕਿ ਉਨ੍ਹਾਂ ਨੇ ਹੀ ਬਸਪਾ ਦੇ ਸਾਬਕਾ ਜਨਰਲ ਸਕੱਤਰ ਸੁਖਵਿੰਦਰ ਸਿੰਘ ਕੋਟਲੀ ਨੂੰ ਕਾਂਗਰਸ ਵਿਚ ਲਿਆਂਦਾ ਅਤੇ ਉਨ੍ਹਾਂ ਨੂੰ ਆਦਮਪੁਰ ਤੋਂ ਟਿਕਟ ਦਿਵਾਉਣ ਲਈ ਵੀ ਪੈਰਵੀ ਕੀਤੀ ਸੀ।ਪੰਜਾਬ ਐੱਸ ਸੀ ਕਾਰਪੋਰੇਸ਼ਨ ਦੇ ਸਾਬਕਾ ਚੇਅਰਮੈਨ ਮੋਹਣ ਲਾਲ ਸੂਦ ਨੇ ਮਹਿੰਦਰ ਸਿੰਘ ਕੇਪੀ ਵੱਲੋਂ ਲਏ ਗਏ ਫੈਸਲੇ ਦਾ ਸਮਰਥਨ ਕਰਦਿਆਂ ਕਿਹਾ ਕਿ ਕਾਂਗਰਸ ਜੇ ਦਲਿਤ ਆਗੂਆਂ ਨੂੰ ਅਣਗੌਲਿਆਂ ਕਰੇਗੀ ਤਾਂ ਇਸ ਦਾ ਪਾਰਟੀ ਨੂੰ ਨੁਕਸਾਨ ਝੱਲਣਾ ਪੈ ਸਕਦਾ ਹੈ।

# ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਖਿਲਾਫ ਗ੍ਰਿਫਤਾਰੀ ਵਾਰੰਟ ਜਾਰੀ




ਲੁਧਿਆਣਾ-ਪੰਜਾਬ ਵਿਧਾਨ ਸਭਾ ਦੀਆਂ ਅਗਾਮੀ ਚੋਣਾਂ ਤੋਂ ਪਹਿਲਾਂ ਲੁਧਿਆਣਾ ਜ਼ਿਲ੍ਹੇ ਦੇ ਆਤਮ ਨਗਰ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਤੇ ਲੋਕ ਇਨਸਾਫ਼ ਪਾਰਟੀ ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਇੱਕ ਹੋਰ ਵਿਵਾਦ 'ਚ ਫਸ ਗਏ ਹਨ। ਜਬਰ-ਜਨਾਹ ਮਾਮਲੇ ਤੋਂ ਬਾਅਦ ਹੁਣ ਅਦਾਲਤ ਨੇ ਸਵਾ ਸਾਲ ਪੁਰਾਣੇ ਕਰੋਨਾ ਹਦਾਇਤਾਂ ਦੇ ਉਲੰਘਣ ਮਾਮਲੇ 'ਚ ਉਨ੍ਹਾਂ ਖ਼ਿਲਾਫ਼ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਹਨ। ਵਿਧਾਇਕ ਬੈਂਸ ਨੇ 11 ਅਗਸਤ 2020 ਨੂੰ ਕਥਿਤ ਕਰੋਨਾ ਨੇਮਾਂ ਦੀ ਉਲੰਘਣਾ ਕਰਦਿਆਂ ਪੁਲੀਸ ਕਮਿਸ਼ਨਰ ਦਫ਼ਤਰ ਅੱਗੇ ਧਰਨਾ ਦਿੱਤਾ ਸੀ। ਥਾਣਾ ਡਵੀਜ਼ਨ ਨੰਬਰ 5 ਦੀ ਪੁਲੀਸ ਨੇ ਉਦੋਂ 200 ਲੋਕਾਂ ਖਿਲਾਫ਼ ਅਪਰਾਧਿਕ ਕੇਸ ਦਰਜ ਕੀਤਾ ਸੀ। ਇਹ ਮਾਮਲਾ ਜੱਜ ਹਰਸਿਮਰਜੀਤ ਸਿੰਘ ਦੀ ਅਦਾਲਤ 'ਚ ਵਿਚਾਰ ਅਧੀਨ ਹੈ। ਵਿਧਾਇਕ ਬੈਂਸ ਦੇ ਅਦਾਲਤੀ ਕਾਰਵਾਈ ਵਿੱਚ ਸ਼ਾਮਲ ਨਾ ਹੋਣ ਕਰਕੇ ਉਨ੍ਹਾਂ ਖਿਲਾਫ਼ 28 ਜਨਵਰੀ ਲਈ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਗਏ ਹਨ। ਉਧਰ ਵਿਧਾਇਕ ਸਿਮਰਜੀਤ ਬੈਂਸ ਨੇ ਕਿਹਾ ਕਿ ਉਨ੍ਹਾਂ ਨੂੰ ਅਜੇ ਤੱਕ ਕੋਈ ਵਾਰੰਟ ਨਹੀਂ ਮਿਲਿਆ ਹੈ, ਉਹ ਅਦਾਲਤ ਦੇ ਹੁਕਮਾਂ ਦਾ ਸਨਮਾਨ ਕਰਦੇ ਹਨ ਤੇ ਕਾਨੂੰਨੀ ਪ੍ਰਕਿਰਿਆ ਤਹਿਤ ਆਪਣੀ ਗੱਲ ਰੱਖਣਗੇ। ਚੇਤੇ ਰਹੇ ਕਿ ਵਿਧਾਇਕ ਸਿਮਰਜੀਤ ਸਿੰਘ ਬੈਂਸ ਖਿਲਾਫ਼ ਪਹਿਲਾਂ ਵੀ ਜਬਰ ਜਨਾਹ ਦਾ ਕੇਸ ਦਰਜ ਹੈ। ਉਨ੍ਹਾਂ ਸਣੇ 7 ਜਣਿਆਂ ਖਿਲਾਫ ਸਾਜ਼ਿਸ਼ ਤਹਿਤ ਜਬਰ-ਜਨਾਹ ਕਰਨ, ਛੇੜਛਾੜ ਤੇ ਧਮਕਾਉਣ ਦੇ ਦੋਸ਼ 'ਚ ਕੇਸ ਦਰਜ ਕੀਤਾ ਗਿਆ ਹੈ।

## ਰਾਣਾ ਗੁਰਜੀਤ ਸਿੰਘ ਨੇ ਕਾਂਗਰਸ ਦੇ ਚਾਰ ਆਗੂਆਂ ਨੂੰ ਦਿੱਤੀ ਚੇਤਾਵਨੀ



ਜਲੰਧਰ-ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ ਨੇ ਆਪਣੀ ਪਾਰਟੀ ਦੇ ਆਗੂਆਂ ਨਵਤੇਜ ਚੀਮਾ, ਸੁਖਪਾਲ ਸਿੰਘ ਖਹਿਰਾ, ਬਲਵਿੰਦਰ ਸਿੰਘ ਧਾਲੀਵਾਲ ਤੇ ਅਵਤਾਰ ਹੈਨਰੀ ਜੂਨੀਅਰ ਨੂੰ ਲਲਕਾਰਦਿਆਂ ਕਿਹਾ ਕਿ ਉਹ ਚਾਰੇ ਸੁਲਤਾਨਪੁਰ ਲੋਧੀ ਤੋਂ ਉਸ ਦੇ ਪੁੱਤਰ ਰਾਣਾ ਇੰਦਰਪ੍ਰਤਾਪ ਸਿੰਘ ਨੂੰ ਹਰਾ ਕੇ ਦਿਖਾਉਣ। ਉਨ੍ਹਾਂ ਕਿਹਾ ਕਿ ਜੇ ਉਹ ਰਾਣਾ ਇੰਦਰਪ੍ਰਤਾਪ ਸਿੰਘ ਨੂੰ ਹਰਾ ਦਿੰਦੇ ਹਨ ਤਾਂ ਉਹ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ, ਨਵਤੇਜ ਸਿੰਘ ਚੀਮਾ ਅਤੇ ਸੁਲਤਾਨਪੁਰ ਲੋਧੀ ਦੇ ਲੋਕਾਂ ਕੋਲੋਂ ਹੱਥ ਜੋੜ ਕੇ ਮੁਆਫੀ ਮੰਗਣਗੇ। ਉਨ੍ਹਾਂ ਕਿਹਾ ਕਿ ਅਸਲ ਵਿਚ ਸੁਲਤਾਨਪੁਰ ਲੋਧੀ ਤੋਂ ਨਵਤੇਜ ਚੀਮਾ, ਭੁਲੱਥ ਤੋਂ ਖਹਿਰਾ, ਫਗਵਾੜਾ ਤੋਂ ਬਲਵਿੰਦਰ ਧਾਲੀਵਾਲ ਅਤੇ ਜਲੰਧਰ ਉੱਤਰੀ ਤੋਂ ਅਵਤਾਰ ਹੈਨਰੀ ਜੂਨੀਅਰ ਚੋਣ ਹਾਰ ਰਹੇ ਹਨ ਤੇ ਆਪਣੀ ਇਸ ਹਾਰ ਦਾ ਭਾਂਡਾ ਉਹ ਉਨ੍ਹਾਂ (ਰਾਣਾ ਗੁਰਜੀਤ ਸਿੰਘ) ਸਿਰ ਭੰਨਣਾ ਚਾਹੁੰਦੇ ਹਨ। ਸੁਖਪਾਲ ਸਿੰਘ ਖਹਿਰਾ 'ਤੇ ਨਿਸ਼ਾਨਾ ਸੇਧਦਿਆਂ ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਜਿਹੜਾ ਆਗੂ ਆਪ ਜੇਲ੍ਹ ਦੀਆਂ ਸਲਾਖਾਂ ਪਿੱਛੇ ਹੈ, ਉਸ ਨੂੰ ਇਹ ਇਖਲਾਕੀ ਤੌਰ 'ਤੇ ਹੱਕ ਹੀ ਨਹੀਂ ਬਣਦਾ ਕਿ ਕਿਸੇ ਨੂੰ ਦਾਗ਼ੀ ਕਹੇ। ਉਨ੍ਹਾਂ ਕਿਹਾ ਕਿ ਨਵਜੋਤ ਸਿੰਘ ਸਿੱਧੂ ਨੂੰ ਚਾਹੀਦਾ ਹੈ ਕਿ ਉਹ ਸੁਲਤਾਨਪੁਰ ਲੋਧੀ ਆ ਕੇ 15-20 ਦਿਨ ਨਵਤੇਜ ਸਿੰਘ ਚੀਮਾ ਦੇ ਹੱਕ ਵਿਚ ਪ੍ਰਚਾਰ ਕਰਨ ਤੇ ਉਸ ਨੂੰ ਵਿਧਾਇਕ ਬਣਾ ਕੇ ਮੰਤਰੀ ਬਣਾਉਣ। ਉਨ੍ਹਾਂ ਦਾਅਵਾ ਕੀਤਾ ਕਿ ਰਾਣਾ ਇੰਦਰਪ੍ਰਤਾਪ ਸਿੰਘ ਆਜ਼ਾਦ ਤੌਰ 'ਤੇ ਜਿੱਤ ਪ੍ਰਾਪਤ ਕਰੇਗਾ ਤੇ ਸੀਟ ਕਾਂਗਰਸ ਦੀ ਝੋਲੀ ਪਾਵੇਗਾ।


idea immigration

SUPER VISAS & PNPs

ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ




- Specialist in marriage appeals & residency appeals
- Under express entry program applicant can come to Canada within 6 month. For assessments you can visit or call.
- Immigration under investment programme

- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
- 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
- ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪ੍ਰੋਗਰਾਮ 'ਚ ਤਬਦੀਲੀਆਂ

ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ

ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।

ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।

Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

OASIS WINDOWS INC.

* Quality Products * Superior Service.

Attractive, Energy Efficient And Quality Windows For Your Dream Home Or Housing Projects Or For Renovation

- VINYL WINDOWS • CUSTOM MADE TO YOUR SPECIFICATIONS
- GARDEN WINDOWS • PATIO DOORS & SKYLIGHTS • FREE ESTIMATES




"We are not satisfied until you are"

Phone: (604) 597 - 5033 Fax: (604) 597 - 5029
Tollfree: 1-800-665-2350
19025-52nd Ave., Surrey, BC
Serving Alberta, British Columbia, Washington & California Since 1989
www.oasiswindows.com



# ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਵੱਲੋਂ ਇਕਬਾਲ ਮਾਹਲ ਦਾ ਸਨਮਾਨ

ਸਰੀ, (ਹਰਦਮ ਮਾਨ)-ਕੈਨੇਡਾ ਦੇ ਸ਼ਹਿਰ ਟੋਰਾਂਟੋ ਦੇ ਵਸਨੀਕ ਪੰਜਾਬੀ ਰੇਡੀਓ ਅਤੇ ਟੀ ਵੀ ਮੀਡੀਆ ਦੇ ਮੋਢੀ ਇਕਬਾਲ ਮਾਹਲ ਨੂੰ ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਵੱਲੋਂ ਬੀਤੇ ਦਿਨੀਂ ਵਿਸ਼ੇਸ਼ ਸਨਮਾਨ ਦਿੱਤਾ ਗਿਆ। ਇਸ ਸਨਮਾਨ ਵਿਚ ਉਨ੍ਹਾਂ ਨੂੰ 51 ਹਜਾਰ ਰੁਪਏ ਨਕਦ ਰਾਸ਼ੀ, ਪਲੈਕ ਅਤੇ ਲੋਈ ਨਾਲ ਨਿਵਾਜਿਆ ਗਿਆ। ਸਨਮਾਨ ਦੇਣ ਦੀ ਰਸਮ ਬਲਬੀਰ ਮਾਧੋਪੁਰੀ, ਡਾ। ਰੇਣੂਕਾ ਸਿੰਘ ਅਤੇ ਸਭਾ ਦੇ ਸਕੱਤਰ ਹਰਵਿੰਦਰ ਸਿੰਘ ਨੇ ਅਦਾ ਕੀਤੀ। ਵਰਨਣਯੋਗ ਹੈ ਕਿ ਇਕਬਾਲ ਮਾਹਲ ਨੂੰ ਮਾਣ ਹਾਸਲ ਹੈ ਕਿ ਉਸ ਨੇ ਪੰਜਾਬ ਦੀ ਕੋਇਲ ਸੁਰਿੰਦਰ ਕੌਰ, ਗੁਰਦਾਸ ਮਾਨ, ਡਾ: ਸਤਿੰਦਰ ਸਰਤਾਜ, ਸੰਗੀਤ ਸਮਰਾਟ ਸ਼ੌਕਤ ਅਲੀ, ਗ਼ਜ਼ਲ ਸਮਰਾਟ ਜਗਜੀਤ ਸਿੰਘ ਚਿਤਰਾ ਸਿੰਘ ਅਤੇ ਨੂਰਾਂ ਸਿਸਟਰਜ਼ ਨੂੰ ਕੈਨੇਡਾ ਵਿਚ ਪਹਿਲੀ ਵਾਰ ਬੁਲਾ ਕੇ ਸਰੋਤਿਆਂ ਦੇ ਸਨਮੁਖ ਕੀਤਾ। ਉਨ੍ਹਾਂ ਪੰਜਾਬੀ ਕਲਾਕਾਰਾਂ ਨੂੰ ਸਰਪ੍ਰਸਤੀ ਦੇਣ ਤੋਂ ਇਲਾਵਾ ਬਾਬਾ ਨਜਮੀ ਤੇ ਹੋਰ ਕਈ ਸ਼ਾਇਰਾਂ ਨੂੰ ਸਰਪ੍ਰਸਤੀ ਦੇ ਕੇ ਵਿਦੇਸ਼ ਵਸਦੇ ਪੰਜਾਬੀਆਂ ਦਾ ਮਾਰਗ ਦਰਸ਼ਨ ਕੀਤਾ ਹੈ। ਉਨ੍ਹਾਂ ਨੂੰ ਇਹ ਸਨਮਾਨ ਮਿਲਣ ਤੇ ਵੈਨਕੂਵਰ ਵਿਚਾਰ ਦੇ ਆਗੂ ਨਾਮਵਰ ਨਾਵਲਕਾਰ ਜਰਨੈਲ ਸਿੰਘ ਸੇਖਾ, ਜਰਨੈਲ ਸਿੰਘ ਆਰਟਿਸਟ, ਮੋਹਨ ਗਿੱਲ, ਨਾਮਵਰ ਸ਼ਾਇਰ ਜਸਵਿੰਦਰ, ਅੰਗਰੇਜ਼ ਬਰਾੜ, ਹਰਦਮ ਸਿੰਘ ਮਾਨ, ਪਰਮਜੀਤ ਸੰਘ ਸੇਖੋਂ, ਚਮਕੌਰ ਸਿੰਘ ਸੇਖੋਂ ਅਤੇ ਨਵਦੀਪ ਗਿੱਲ ਨੇ ਇਕਬਾਲ ਮਾਹਲ ਨੂੰ ਮੁਬਾਰਕਬਾਦ ਦਿੱਤੀ।




# ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਸਮਰਪਿਤ ਰਹੀ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਮੀਟਿੰਗ

ਸਰੀ, (ਹਰਦਮ ਮਾਨ)- ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਦੀ ਜ਼ੂਮ ਮੀਟਿੰਗ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਉਤਸਵ ਨੂੰ ਸਮਰਪਿਤ ਰਹੀ। ਇਸ ਮੀਟਿੰਗ ਵਿਚ ਉੱਘੇ ਵਿਦਵਾਨ ਸ। ਮੋਤਾ ਸਿੰਘ ਝੀਤਾ ਮੁੱਖ ਬੁਲਾਰੇ ਸਨ। ਮੀਟਿੰਗ ਦੀ ਪ੍ਰਧਾਨਗੀ ਪ੍ਰਿਤਪਾਲ ਗਿੱਲ ਨੇ ਕੀਤੀ ਅਤੇ ਸੰਚਾਲਨ ਪਲਵਿੰਦਰ ਰੰਧਾਵਾ ਨੇ ਕੀਤਾ। ਸ਼ੁਰੂਆਤ ਵਿਚ ਪੇਸ਼ ਕੀਤੇ ਸ਼ੋਕ ਮਤਿਆਂ ਰਾਹੀਂ ਬਹਾਦਰ ਸਿੰਘ, ਜਰਨੈਲ ਸਿੰਘ ਗਿੱਲ ਅਤੇ ਸੁਰਿੰਦਰ ਕੌਰ ਸਹੋਤਾ ਨੂੰ ਸਭਾ ਵੱਲੋਂ ਸ਼ਰਧਾਂਜਲੀ ਭੇਂਟ ਕੀਤੀ। ਉਪਰੰਤ ਕੁਲਦੀਪ ਗਿੱਲ ਅਤੇ ਸੁਰਜੀਤ ਮਾਧੋਪੁਰੀ ਨੇ ਵਿਦਵਾਨ ਮੋਤਾ ਸਿੰਘ ਝੀਤਾ ਦਾ ਸਵਾਗਤ ਕੀਤਾ। ਮੋਤਾ ਸਿੰਘ ਝੀਤਾ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ, ਸਿੱਖਿਆ, ਰਚਨਾਤਮਿਕ ਕਾਰਜ ਅਤੇ ਉਨ੍ਹਾਂ ਦੀ ਲਾਸਾਨੀ ਕੁਰਬਾਨੀ ਬਾਰੇ ਵਿਸਥਾਰ ਵਿਚ ਵਿਚਾਰ ਪੇਸ਼ ਕੀਤੇ। ਉਨ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਅਤੇ ਫਿਲਾਸਫ਼ੀ ਦੀ ਵੀ ਗੱਲ ਕੀਤੀ। ਪ੍ਰਸਿੱਧ ਸਾਹਿਤਕਾਰ ਰਵਿੰਦਰ ਰਵੀ ਨੇ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਤਕ ਕਾਰਜ ਬਾਰੇ ਸਰੋਤਿਆਂ ਨਾਲ ਸਾਂਝ ਪਾਈ। ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਉਤਸਵ ਨੂੰ ਸਮਰਪਿਤ ਕਵੀ ਦਰਬਾਰ ਵਿਚ ਸੁਰਿੰਦਰ ਸਿੰਘ ਜੱਬਲ, ਨਰਿੰਦਰ ਬਾਈਆ, ਅਮਰੀਕ ਸਿੰਘ ਲੇਲ੍ਹ, ਰੁਪਿੰਦਰ ਰੂਪੀ, ਸੁਰਜੀਤ ਸਿੰਘ ਮਾਧੋਪੁਰੀ, ਹਰਚੰਦ ਬਾਗੜੀ, ਹਰਚੰਦ ਗਿੱਲ, ਸ਼ਾਹਗੀਰ ਗਿੱਲ, ਹਰਸ਼ਰਨ ਕੌਰ, ਪਰਮਿੰਦਰ ਸਵੈਚ, ਸੁਰਿੰਦਰ ਬਰਾੜ, ਪ੍ਰਿਤਪਾਲ ਗਿੱਲ, ਪਲਵਿੰਦਰ ਸਿੰਘ ਰੰਧਾਵਾ, ਅਮਰੀਕ ਪਲਾਹੀ, ਇੰਦਰਪਾਲ ਸੰਧੂ ਨੇ ਆਪਣੀਆਂ ਕਾਵਿ ਰਚਨਾਵਾਂ ਪੇਸ਼ ਕੀਤੀਆਂ। ਅੰਤ ਵਿਚ ਪ੍ਰਧਾਨ ਪ੍ਰਿਤਪਾਲ ਗਿੱਲ ਨੇ ਸਭ ਦਾ ਧੰਨਵਾਦ ਕੀਤਾ।

# ਮਜੀਠੀਆ ਖ਼ਿਲਾਫ਼ ਕਰੋਨਾ ਪਾਬੰਦੀਆਂ ਦੀ ਉਲੰਘਣਾ ਦਾ ਕੇਸ ਦਰਜ

ਅੰਮ੍ਰਿਤਸਰ, (ਜਗਤਾਰ ਸਿੰਘ ਲਾਂਬਾ)-ਇਥੇ ਸ੍ਰੀ ਹਰਿਮੰਦਰ ਸਾਹਿਬ ਵਿੱਚ ਬੀਤੇ ਦਿਨ ਮੱਥਾ ਟੇਕਣ ਪੁੱਜੇ ਅਕਾਲੀ ਨੇਤਾ ਬਿਕਰਮ ਸਿੰਘ ਮਜੀਠੀਆ ਦੇ ਸਵਾਗਤ ਲਈ ਅੰਮ੍ਰਿਤਸਰ-ਜਲੰਧਰ ਰੋਡ ਉਤੇ ਅਕਾਲੀ ਦਲ ਦੇ ਵਰਕਰਾਂ ਵੱਲੋਂ ਕੀਤੇ ਇਕੱਠ ਕਾਰਨ ਕਰੋਨਾ ਪਾਬੰਦੀਆਂ ਦੀ ਉਲੰਘਣਾ ਦੇ ਮਾਮਲੇ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਨੇ ਉਨ੍ਹਾਂ ਵਿਰੁੱਧ ਕੇਸ ਦਰਜ ਕਰਵਾਇਆ ਹੈ। ਕੇਸ ਸੁਲਤਾਨਵਿੰਡ ਥਾਣੇ ਵਿਚ ਦਰਜ ਕੀਤਾ ਗਿਆ ਹੈ। ਇਸ ਵਿਚ ਦੱਸਿਆ ਗਿਆ ਹੈ ਕਿ ਹਲਕਾ ਪੂਰਬੀ ਵਿਚ ਤਾਇਨਾਤ ਐੱਫਐੱਸਟੀ ਟੀਮ, ਜੋ ਕਿ ਉਸ ਵਕਤ ਡਿਊਟੀ ਉਤੇ ਸੀ, ਨੂੰ



ਸੂਚਨਾ ਮਿਲੀ ਕਿ ਸੜਕ ਉਤੇ ਸੈਂਕੜੇ ਲੋਕਾਂ ਦਾ ਇਕੱਠ ਹੈ, ਜੋ ਕਿ ਮਜੀਠੀਆ ਦੇ ਸਵਾਗਤ ਲਈ ਆਇਆ ਹੈ। ਟੀਮ ਨੇ ਮੌਕੇ ਉਤੇ ਜਾ ਕੇ ਵੇਖਿਆ ਤੇ ਇਸ ਦੀ ਵੀਡੀਓ ਰਿਕਾਰਡਿੰਗ ਕੀਤੀ, ਜਿਸ ਵਿਚ ਇਹ ਲੋਕ ਉਨ੍ਹਾਂ ਨੂੰ ਸਿਰੋਪੇ ਅਤੇ ਹਾਰ ਪਾਉਂਦੇ ਨਜ਼ਰ ਆ ਰਹੇ ਹਨ। ਸੈਂਕੜੇ ਲੋਕਾਂ ਦਾ ਇਹ ਇਕੱਠ ਕਰੋਨਾ ਕਾਰਨ ਸਰਕਾਰ ਵੱਲੋਂ ਲਗਾਈਆਂ ਗਈਆਂ ਪਾਬੰਦੀਆਂ ਦੇ ਨਾਲ-ਨਾਲ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਚੋਣਾਂ ਕਾਰਨ ਲਗਾਈਆਂ ਪਾਬੰਦੀਆਂ ਦੀ ਵੀ ਉਲੰਘਣਾ ਹੈ।



*We Can Help You Sell Your House!*

**Satvir Cheema**
**604-240-9148**



CENTURY 21 Coastal Realty Ltd.
#105-7928 128th St., Surrey, BC, V3W 4E8

satvir.cheema@century21.ca

PUNJAB LINK
# ਪੰਜਾਬ ਲਿੰਕ
ਸ਼ਨਿਚਰਵਾਰ, 22 ਜਨਵਰੀ, 2022
ਰਿਅਲ ਅਸਟੇਟ | REAL ESTATE
www.punjablinkpaper.com 604-503-5465

*For All Your Real Estate Needs*

**Amrik Cheema**
*PREC
**604-369-7000**

CENTURY 21 Coastal Realty Ltd.
#105-7928 128th St., Surrey, BC, V3W 4E8



info@amrikcheema.com

# ਬੀ.ਸੀ. ਦੇ ਮਹਾਂਮਾਰੀ ਰੀਅਲ ਅਸਟੇਟ ਬੂਮ ਪਿੱਛੇ ਰਪੀਟ ਖਰੀਦਦਾਰ ਤੇ ਨਿਵੇਸ਼ਕ-ਵਿਸ਼ਲੇਸ਼ਕ



ਵੈਨਕੂਵਰ-ਮਹਾਂਮਾਰੀ ਦੌਰਾਨ ਘੱਟ ਵਿਆਜ ਦਰਾਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਬੂਨ ਸਮਝੀਆਂ ਗਈਆਂ ਸਨ ਪਰ ਅਜਿਹਾ ਮਾਮਲਾ ਨਹੀਂ ਲਗਦਾ ਕਿਉਂਕਿ ਵਿਸ਼ਲੇਸ਼ਕਾਂ ਦਾ ਕਹਿਣਾ ਕਿ ਤਾਜ਼ਾ ਰੀਅਲ ਅਸਟੇਟ ਬੂਮ ਪਿੱਛੇ ਵਾਰ ਵਾਰ ਘਰ ਖਰੀਦਣ ਵਾਲਿਆਂ (ਰਪੀਟ ਬਾਇਰਜ਼) ਅਤੇ ਨਿਵੇਸ਼ਕ ਸਨ ਨਾ ਕਿ ਪਹਿਲੀ ਵਾਰ ਘਰ ਖਰੀਦਣ ਵਾਲੇ। ਉਦਾਹਰਣ ਦੇ ਤੌਰ 'ਤੇ ਚਿਲੀਵੈਕ ਵਿਚ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਦਾ ਲੈਣ ਦੇਣ ਹਿੱਸਾ 15 ਫ਼ੀਸਦੀ ਤੋਂ ਘਟ ਕੇ 8 ਫ਼ੀਸਦੀ 'ਤੇ ਆ ਗਿਆ ਜਦਕਿ ਨਵੰਬਰ 2021 ਜਨਵਰੀ ਤੋਂ ਨਵੰਬਰ ਤਕ ਰਿਹਾਇਸ਼ੀ ਮਕਾਨਾਂ ਦਾ ਲੈਣ ਦੇਣ 2020 ਦੇ ਇਸੇ ਸਮੇਂ ਦੇ ਮੁਕਾਬਲੇ 50 ਫ਼ੀਸਦੀ ਵਧਿਆ ਹੈ। 2020 ਵਿਚ ਚਿਲੀਵੈਕ ਵਿਚ 2772 ਲੈਣ ਦੇਣ ਵਿਚੋਂ 428 ਪਹਿਲੀ ਵਾਰ ਖਰੀਦਣ ਵਾਲਿਆਂ ਦਾ ਸੀ। ਸਾਈਮਨ ਫਰੇਜ਼ਰ ਯੂਨੀਵਰਸਿਟੀ ਵਿਖੇ 'ਦੀ ਸਿਟੀ ਪ੍ਰੋਗਰਾਮ' ਦੇ ਡਾਇਰੈਕਟਰ ਐਂਡੀ ਯਾਨ ਨੇ ਕਿਹਾ ਕਿ 2021 ਵਿਚ ਹੋਏ ਕੁਲ 4170 ਲੈਣ ਦੇਣ ਪਿੱਛੇ ਫਸਟ ਟਾਈਮ ਹੋਮਬਾਇਰਜ਼ ਦੀਆਂ 319 ਸਨ। ਮਹਾਂਮਾਰੀ ਲਾਕਡਾਊਨ ਖਤਮ ਹੋਣ ਅਤੇ ਰੀਅਲ ਅਸਟੇਟ ਮਾਰਕੀਟ ਸ਼ੁਰੂ ਹੋਣ ਪਿੱਛੋਂ 2020 ਦੀਆਂ ਗਰਮੀਆਂ ਵਿਚ ਪਹਿਲੀ ਵਾਰ ਘਰ ਖਰੀਦਣ ਵਾਲਿਆਂ (ਫਸਟ ਹੋਮਬਾਇਰਜ਼) ਦੀ ਖਰੀਦ ਵਿਚ ਮਹੱਤਵਪੂਰਣ ਗਿਰਾਵਟ ਆਈਹੈ। ਕੈਨੇਡੀਅਨ ਰੀਅਲ ਅਸਟੇਟ ਐਸੋਸੀਏਸ਼ਨ ਮੁਤਾਬਿਕ ਚਿਲੀਵੈਕ ਵਿਚ ਘਰਾਂ ਦੀਆਂ ਕੀਮਤਾਂ ਦੇਸ਼ ਵਿਚ ਸਭ ਤੋਂ ਤੇਜ਼ੀ ਨਾਲ ਵਧ ਰਹੀਆਂ ਕੀਮਤਾਂ ਵਿਚ ਸ਼ਮਾਰ ਸਨ ਅਤੇ ਇਹ ਔਸਤਨ 40 ਫ਼ੀਸਦੀ ਜਾਂ 2 ਲੱਖ ਡਾਲਰ ਤਕ ਵਧੀਆਂ ਹਨ। ਕੈਨੇਡਾ ਵਿਚ ਘਰਾਂ ਦੀਆਂ ਕੀਮਤਾਂ ਦੇ 27 ਫ਼ੀਸਦੀ ਔਸਤਨ ਵਾਧੇ ਤੋਂ ਇਹ ਕਾਫੀ ਜ਼ਿਆਦਾ ਹਨ। ਇਤਿਹਾਸਕ ਤੌਰ 'ਤੇ ਲੋਕ ਵੱਡਾ ਘਰ ਖਰੀਦਣ ਲਈ ਛੋਟਾ ਘਰ ਵੇਚ ਦਿੰਦੇ ਹਨ ਅਤੇ ਇਸ ਤਰ੍ਹਾਂ ਕਰਕੇ ਉਹ ਘਰ ਦੀ ਪੌੜੀ ਚੜ੍ਹਦੇ ਹਨ।

**Offering Services For All Your Business and Real Estate Needs**

- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes

HUGHES & COMPANY
LAW CORPORATION



www.hughesco.com CEDRIC HUGHES
**604.602.1828**

*HEAD OFFICE:*
**VANCOUVER**
**505-777 W. BROADWAY**

SUNNY SANGHA • PERSONAL REAL ESTATE CORPORATION

## 14317 31A AVENUE




**$4,488,000**

Architectural elegance at its finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call us now to book your private showing!

## 9858 HUCKLEBERRY DRIVE




Welcome to Fraser Height's newest sub-division. This 3684 sqft lot is ready to build, the plans should be ready to pick up from the city in a few weeks. The home will include 7 bedrooms 6 bathrooms with a media room and a bar area for your own use downstairs. The total square footage for the home will be 3922 plus a garage. Call now to get more info.



Sunny Sangha
604-356-5555

SUNNY SANGHA
Personal Real Estate Corporation

CENTURY 21 Coastal Realty Ltd.

MLS MEDALLION CLUB MEMBER

Ram Johal
604-356-5555



www.sunnysangha.com | info@sunnysangha.com

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

LAW CORPORATION

HUGHES & COMPANY
LAW CORPORATION
www.hughesco.com

EXPERIENCE • INTEGRITY • RESULTS

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



CEDRIC HUGHES
LAWYER
Over 20 years serving the community




★★★★★
4.9 STAR
Google
REVIEW !

Link!
hughesco.com
*for reviews*

## 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND** Service provided at Business Centres throughout the Fraser Valley and British Columbia.*

***Remote Location? No Problem. We will come to you !***

# ਉੱਤਰੀ ਅਮਰੀਕਾ 'ਚ ਸੰਯੁਕਤ ਸਮਾਜ ਮੋਰਚੇ ਦੀ ਹਮਾਇਤ ਵਿਚ ਸਪੋਰਟ ਗਰੁੱਪ ਦਾ ਗਠਨ

## ਸਪੋਰਟ ਗਰੁੱਪ ਦੀ ਜ਼ੂਮ ਮੀਟਿੰਗ ਵਿਚ ਸ਼ਾਮਲ ਹੋਈਆਂ 40 ਪ੍ਰਸਿੱਧ ਸ਼ਖ਼ਸੀਅਤਾਂ

ਸਰੀ, (ਹਰਦਮ ਮਾਨ)-ਪੰਜਾਬ ਦੀਆਂ ਫਰਵਰੀ 2022 ਦੀਆਂ ਚੋਣਾਂ ਵਿਚ ਸੰਯੁਕਤ ਸਮਾਜ ਮੋਰਚੇ ਦੀ ਹਮਾਇਤ ਕਰਨ ਵਾਸਤੇ ਪਰਵਾਸੀਆਂ ਵੱਲੋਂ ਉੱਤਰੀ ਅਮਰੀਕਾ ਵਿੱਚ ਸਪੋਰਟ ਗਰੁੱਪ ਗਠਿਤ ਕੀਤਾ ਗਿਆ ਹੈ। ਇਸ ਗਰੁੱਪ ਦੀ ਪਹਿਲੀ ਜ਼ੂਮ ਮੀਟਿੰਗ ਹੋਈ ਜਿਸ ਵਿਚ 40 ਦੇ ਕਰੀਬ ਉੱਘੀਆਂ ਸ਼ਖ਼ਸੀਅਤਾਂ ਨੇ ਹਿੱਸਾ ਲਿਆ। ਗਰੁੱਪ ਦੇ ਟੋਰਾਂਟੋ ਤੋਂ ਕਨਵੀਨਰ ਪ੍ਰੋ। ਜਗੀਰ ਸਿੰਘ ਕਾਹਲੋਂ ਨੇ ਮੀਟਿੰਗ ਦੀ ਸ਼ੁਰੂਆਤ ਕਰਦਿਆਂ ਸਭਨਾਂ ਸ਼ਖ਼ਸੀਅਤਾਂ ਨਾਲ ਜਾਣ ਪਛਾਣ ਕਰਵਾਈ ਅਤੇ ਬ੍ਰਿਟਿਸ਼ ਕੋਲੰਬੀਆ ਤੋਂ ਕਨਵੀਨਰ ਡਾ। ਇੰਦਰਜੀਤ ਸਿੰਘ ਮਾਨ ਨੇ ਮੀਟਿੰਗ ਦਾ ਏਜੰਡਾ ਪੇਸ਼ ਕੀਤਾ। ਏਜੰਡੇ ਵਿੱਚ ਮੁੱਖ ਤੌਰ ਤੇ ਸਾਰੇ ਵਰਗਾਂ ਦੇ ਪਰਵਾਸੀ ਪੰਜਾਬੀਆਂ ਨਾਲ ਨਿੱਜੀ ਪੱਧਰ ਤੇ ਸੰਪਰਕ ਕਰਨ, ਉੱਤਰੀ ਅਮਰੀਕਾ ਤੋਂ ਖਾਸ ਕਰਕੇ ਔਰਤਾਂ, ਯੂਥ ਅਤੇ ਦਲਿਤ ਸ਼ਾਮਲ ਕਰਨ, ਗਰੁੱਪ ਨੂੰ ਉੱਤਰੀ ਅਮਰੀਕਾ ਤੋਂ ਇਲਾਵਾ ਯੂਰਪ, ਆਸਟਰੇਲੀਆ ਅਤੇ ਸੰਸਾਰ ਦੇ ਹੋਰ ਹਿੱਸਿਆਂ ਤਕ ਫੈਲਾਉਣ ਦੀ ਗੱਲ ਕਹੀ ਗਈ। ਮੋਰਚੇ ਦੀ ਹਮਾਇਤ ਵਾਸਤੇ ਦਿੱਤੇ ਠੋਸ ਸੁਝਾਵਾਂ ਵਿੱਚੋਂ ਪ੍ਰਮੁੱਖ ਤੌਰ ਤੇ ਉਭਾਰਿਆ ਗਿਆ ਕਿ ਪੰਜਾਬ ਵਿੱਚ ਆਪਣੇ ਦੋਸਤਾਂ, ਰਿਸ਼ਤੇਦਾਰਾਂ ਅਤੇ ਸਨੇਹੀਆਂ ਨਾਲ ਫੋਨ ਕਾਲਾਂ ਅਤੇ ਰੌਬ ਕਾਲਾਂ ਰਾਹੀਂ ਸਪੰਰਕ ਕੀਤਾ ਜਾਵੇ। ਐਕਸ ਸਰਵਿਸਮੈਨ ਦੇ ਆਗੂ ਬ੍ਰਿਗੇਡੀਅਰ ਨਵਾਬ ਸਿੰਘ ਹੀਰ ਨੇ ਗਰੁੱਪ ਗਠਿਤ ਕੀਤੇ ਜਾਣ ਤੇ ਪ੍ਰਬੰਧਕਾਂ ਨੂੰ ਵਧਾਈ ਦਿੰਦਿਆਂ ਜਾਣਕਾਰੀ ਸਾਂਝੀ ਕੀਤੀ ਕਿ ?ਟਾਰੀ ? ਵਿੱਚ 500 ਦੇ ਕਰੀਬ ਸਾਬਕਾ ਫੌਜੀ ਹਨ ਤੇ ਪੰਜਾਬ ਵਿੱਚ ਇਹ ਗਿਣਤੀ ਢਾਈ ਲੱਖ ਦੇ ਕਰੀਬ ਹੈ ਜਦੋਂਕਿ 90 ਹਜ਼ਾਰ ਫੌਜੀ ਸੇਵਾ ਨਿਭਾ ਰਹੇ ਹਨ ਅਤੇ ਇਹ ਸਾਰੇ ਬਿਨਾਂ ਸ਼ਰਤ ਮੋਰਚੇ ਦੀ ਹਮਾਇਤ ਤੇ ਆ ਚੁੱਕੇ ਹਨ। ਸ। ਹੀਰ ਨੇ ਇਨ੍ਹਾਂ ਨੂੰ ਟਿਕਟਾਂ ਦੇਣ ਲਈ ਸੰਯੁਕਤ ਸਮਾਜ ਮੋਰਚੇ ਨੂੰ ਸਲਾਹ ਦੇਣ ਦਾ ਸੁਝਾਅ ਦਿੱਤਾ।




ਮੀਟਿੰਗ ਦੌਰਾਨ ਮੀਡੀਆਕਾਰ ਰਵਿੰਦਰ ਸਿੰਘ ਪੰਨੂ ਦੁਆਰਾ ਤਿਆਰ ਕੀਤੇ ਤਕਨੀਕੀ ਐਪ ਦੀ ਵਰਤੋਂ ਕਰਨ ਦੀ ਪੇਸ਼ਕਸ਼ ਕੀਤੀ ਗਈ। ਅਮਰੀਕਾ ਤੋਂ ਧਰਮ ਸਿੰਘ ਗੁਰਾਇਆ ਨੇ ਸਮੂਹ ਪਰਵਾਸੀਆਂ ਨਾਲ ਪਹੁੰਚ ਕਰਨ ਦੀ ਵਕਾਲਤ ਕੀਤੀ, ਕਿਰਤਮੀਤ ਕੁਹਾੜ ਨੇ ਵਜਾਹਤ ਕੀਤੀ ਕਿ ਇਹ ਮੋਰਚਾ ਹੈ, ਰਾਜਸੀ ਪਾਰਟੀ ਨਹੀਂ ਹੈ। ਸੁਖਜੀਤ ਹੁਰਾਂ ਦਾ ਵਿਚਾਰ ਸੀ ਕਿ ਸੰਯੁਕਤ ਕਿਸਾਨ ਮੋਰਚੇ ਦੀਆਂ ਪ੍ਰਾਪਤੀਆਂ ਨੂੰ ਵੋਟਾਂ ਵਿੱਚ ਬਦਲਣ ਦੀ ਲੋੜ ਹੈ। ਰਜਿੰਦਰ ਸਿੰਘ ਦੂਹੜੇ ਨੇ ਕਿਹਾ ਕਿ ਪਰਵਾਸੀਆਂ ਨਾਲ ਹਮੇਸ਼ਾ ਹੀ ਧੋਖਾ ਹੁੰਦਾ ਆ ਰਿਹਾ ਹੈ ਪਰ ਹੁਣ ਚੰਗਾ ਮੌਕਾ ਹੈ ਕਿ ਸੰਯੁਕਤ ਸਮਾਜ ਮੋਰਚੇ ਦੀ ਭਰਵੀਂ ਹਮਾਇਤ ਕੀਤੀ ਜਾਵੇ। ਮਲਕੀਤ ਸਿੰਘ ਜੰਡੇਰ ਨੇ ਸੋਸ਼ਲ ਮੀਡੀਆ ਰਾਹੀਂ ਵਿਰੋਧੀ ਧਿਰਾਂ ਦੇ ਪ੍ਰਚਾਰ ਦਾ ਟਾਕਰਾ ਕਰਨ ਦੀ ਸਲਾਹ ਦਿੱਤੀ। ਅਵਤਾਰ ਸਿੰਘ ਬਰਾੜ ਨੇ ਪੰਜਾਬ ਦੇ ਪਿੰਡ ਪਿੰਡ ਵਿਚ ਸੰਪਰਕ ਕਰਨ ਦਾ ਸੁਝਾ? ਦਿੱਤਾ। ਡਾ ਸੁੱਚਾ ਸਿੰਘ ਗਿੱਲ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਦੀਆਂ ਪ੍ਰਾਪਤੀਆਂ ਨੂੰ ਸੰਯੁਕਤ ਸਮਾਜ ਮੋਰਚੇ ਨਾਲ ਜੋੜਿਆ ਜਾਵੇ, ਚੋਣਾਂ ਨਾ ਲੜਨ ਵਾਲੀਆਂ ਕਿਸਾਨ ਧਿਰਾਂ ਨਾਲ ਰਾਬਤਾ ਕਾਇਮ ਕੀਤਾ ਜਾਵੇ ਕਿਉਂਕਿ ਸੰਯੁਕਤ ਸਮਾਜ ਮੋਰਚੇ ਦਾ ਏਜੰਡਾ ਕਾਫ਼ੀ ਹੱਦ ਤਕ ਸੰਯੁਕਤ ਕਿਸਾਨ ਮੋਰਚੇ ਦੇ ਵੇਲੇ ਤੋਂ ਹੀ ਬਣਿਆ ਹੋਇਆ ਹੈ, ਪ੍ਰਚਾਰ ਵਾਸਤੇ ਸਮਾਜ ਦੇ ਸਾਰੇ ਵਰਗਾਂ ਨੂੰ ਨਾਲ ਲੈ ਕੇ ਚੱਲਿਆ ਜਾਵੇ, ਅਖ਼ਬਾਰਾਂ ਵਿੱਚ ਲਿਖਿਆ ਜਾਵੇ, ਛੋਟੀਆਂ ਛੋਟੀਆਂ ਵੀਡੀ ? ਬਣਾ ਕੇ ਪਾਈਆਂ ਜਾਣ, ਭਾਵ ਸਾਰੇ ਆਧੁਨਿਕ ਅਤੇ ਡਿਜ਼ੀਟਲ ਢੰਗ ਤਰੀਕੇ ਅਪਣਾਏ ਜਾਣ।

ਅੰਤ ਵਿਚ ਡਾ। ਇੰਦਰਜੀਤ ਮਾਨ ਨੇ ਮੀਟਿੰਗ ਦੀ ਕਾਰਵਾਈ ਦਾ ਸਾਰ ਪੇਸ਼ ਕਰਦਿਆਂ ਸਭਨਾਂ ਸੁਝਾਵਾਂ ਅਤੇ ਵਿਚਾਰਾਂ ਨੂੰ ਸੰਯੁਕਤ ਸਮਾਜ ਮੋਰਚੇ ਦੇ ਸੰਚਾਲਕਾਂ ਤੀਕ ਪੁਚਾਉਣ ਦਾ ਯਕੀਨ ਦੁਆਇਆ। ਪ੍ਰੋ। ਜਗੀਰ ਸਿੰਘ ਕਾਹਲੋਂ ਨੇ ਸਭਨਾਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਇਸ ਗਰੁੱਪ ਦਾ ਘੇਰਾ ਦਿਨ ਬ ਦਿਨ ਵਿਸ਼ਾਲ ਹੋ ਰਿਹਾ ਹੈ ਅਤੇ ਬਹੁਤ ਸਾਰੇ ਸੂਝਵਾਨ ਲੋਕ ਇਸ ਗਰੁੱਪ ਨਾਲ ਜੁੜ ਰਹੇ ਹਨ। ਇਸ ਗਰੁੱਪ ਨਾਲ ਸੰਪਰਕ ਕਰਨ ਤੇ ਹਰ ਕਿਸਮ ਦੀ ਜਾਣਕਾਰੀ ਲਈ ਡਾ। ਇੰਦਰਜੀਤ ਸਿੰਘ ਮਾਨ (604-725-5707), ਪਰਗਣ ਸਿੰਘ ਮੱਟੂ (604-825-3211), ਹਰਿੰਦਰਪਾਲ ਸਿੰਘ ਹੁੰਦਲ (647-818-6880), ਡਾ। ਕੰਵਲਜੀਤ ਕੌਰ ਢਿੱਲੋਂ (289-980-3255), ਨਿਰਮਲ ਸਿੰਘ ਢੀਂਡਸਾ (647-296-0106) ਅਤੇ ਪ੍ਰੋ। ਜਗੀਰ ਸਿੰਘ ਕਾਹਲੋਂ (647-533-8297) ਨਾਲ ਸੰਪਰਕ ਕੀਤਾ ਜਾ ਸਕਦਾ ਹੈ।




## ਕੋਵਿਡ-19 ਪਾਬੰਦੀਆਂ ਹਟਾਉਣ ਲਈ ਓਨਟਾਰੀਓ ਨੇ ਐਲਾਨੀ ਤਿੰਨ ਪੜਾਵੀ ਯੋਜਨਾ

ਓਨਟਾਰੀਓ-ਪ੍ਰੋਵਿੰਸ ਵਿੱਚ ਕੋਵਿਡ-19 ਪਾਬੰਦੀਆਂ ਨੂੰ ਹੌਲੀ ਹੌਲੀ ਹਟਾਉਣ ਲਈ ਓਨਟਾਰੀਓ ਨੇ 31 ਜਨਵਰੀ ਤੋਂ ਇੰਡੋਰ ਡਾਈਨਿੰਗ ਤੇ ਜਿੰਮਜ਼ ਨੂੰ ਮੁੜ ਖੋਲ੍ਹਣ ਤੇ ਇੱਕਠ ਦੀ ਲਿਮਿਟ ਵਧਾਉਣ ਦਾ ਐਲਾਨ ਕੀਤਾ ਹੈ। ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਸਾਨੂੰ ਇਹ ਵਿਸ਼ਵਾਸ ਹੈ ਕਿ ਮਾੜਾ ਸਮਾਂ ਹੁਣ ਬੀਤ ਚੁੱਕਿਆ ਹੈ ਤੇ ਅਸੀਂ ਬੜੀ ਅਹਿਤਿਆਤ ਨਾਲ ਪਬਲਿਕ ਹੈਲਥ ਮਾਪਦੰਡਾਂ ਨੂੰ ਸੁਖਾਲਾ ਕਰਨ ਜਾ ਰਹੇ ਹਾਂ। ਪ੍ਰੋਵਿੰਸ ਨੇ ਆਖਿਆ ਕਿ 31 ਜਨਵਰੀ ਤੋਂ ਸ਼ੁਰੂ ਹੋ ਕੇ ਸੋਸ਼ਲ ਇੱਕਠ ਦੀ ਸਮਰੱਥਾ ਇੰਡੋਰਜ਼ ਲਈ 10 ਤੇ ਆਊਟਡੋਰਜ਼ ਲਈ 25 ਕਰ ਦਿੱਤੀ ਜਾਵੇਗੀ। ਇੰਡੋਰ ਡਾਈਨਿੰਗ, ਜਿੰਮਜ਼, ਰੀਟੇਲਰਜ਼, ਸ਼ਾਪਿੰਗ ਮਾਲਜ਼ ਤੇ ਸਿਨੇਮਾਜ਼ 50 ਫੀ ਸਦੀ ਸਮਰੱਥਾ ਨਾਲ ਖੁੱਲ੍ਹਣਗੇ। ਮਿਊਜ਼ੀਅਮ, ਗੈਲਰੀਜ਼, ਐਕੁਏਰੀਅਮ, ਜ਼ੂ, ਕੈਸੀਨੋ, ਬਿੰਗੋ ਹਾਲ ਤੇ ਹੋਰ ਗੇਮਿੰਗ ਅਸਟੈਬਲਿਸ਼ਮੈਂਟਸ ਵੀ ਮੁੜ ਖੁੱਲ੍ਹ ਸਕਦੀਆਂ ਹਨ।ਸਰਕਾਰ ਖੇਡ ਮੁਕਾਬਲਿਆਂ, ਕੰਸਰਟ ਵੈਨਿਊਜ਼ ਤੇ ਥਿਏਟਰਜ਼ ਨੂੰ 50 ਫੀ ਸਦੀ ਸਮਰੱਥਾ ਜਾਂ 500 ਲੋਕ, ਜੋ ਵੀ ਘੱਟ ਹੋਵੇ, ਨਾਲ ਖੋਲ੍ਹ ਸਕਦੀ ਹੈ। ਪਬਲਿਕ ਹੈਲਥ ਰੁਝਾਨਾਂ ਦੀ ਨਿਗਰਾਨੀ ਲਈ ਰੀ ?ਪਨਿੰਗ ਦਾ ਹਰ ਕਦਮ 21 ਦਿਨਾਂ ਦੇ ਵਕਫੇ ਉੱਤੇ ਅਮਲ ਵਿੱਚ ਲਿਆਂਦਾ ਜਾਵੇਗਾ। ਇਸ ਦੌਰਾਨ ਫੋਰਡ ਨੇ ਆਖਿਆ ਕਿ ਅਸੀਂ ਫੂਕ ਫੂਕ ਕੇ ਕਦਮ ਰੱਖਣਾ ਚਾਹੁੰਦੇ ਹਾਂ ਤੇ ਦੁਬਾਰਾ ਅਜਿਹੇ ਹਾਲਾਤ ਨਹੀਂ ਬਣਨ ਦੇਣਾ ਚਾਹੁੰਦੇ ਜਿੱਥੇ ਸਾਨੂੰ ਇਸ ਸਥਿਤੀ ਵਿੱਚੋਂ ਮੁੜ ਲੰਘਣਾ ਹੋਵੇ। ਇਸ ਲਈ ਜੇ ਸਾਨੂੰ ਹਰ ਕਦਮ ਵਿੱਚ ਥੋੜ੍ਹਾ ਫਰਕ ਵੀ ਰੱਖਣਾ ਪਿਆ ਤਾਂ ਅਸੀਂ ਰੱਖਾਂਗੇ। 21 ਫਰਵਰੀ ਨੂੰ ਓਨਟਾਰੀਓ ਇੰਡੋਰ ਸੋਸ਼ਲ ਗੈਦਰਿੰਗ ਦੀ ਹੱਦ 25 ਵਿਅਕਤੀ ਅਤੇ ਆਊਟਡੋਰ ਦੀ ਹੱਦ 100 ਵਿਅਕਤੀ ਕਰੇਗਾ। ਇਸ ਦੌਰਾਨ ਜਿਨ੍ਹਾਂ ਥਾਂਵਾਂ ਉੱਤੇ ਵੈਕਸੀਨੇਸ਼ਨ ਦੇ ਸਬੂਤ ਦੀ ਲੋੜ ਹੈ ਜਿਵੇਂ ਨਾਈਟਕਲੱਬਜ਼, ਵੈਡਿੰਗ ਰਿਸੈਪਸ਼ਨਜ਼, ਡਾਂਸ ਵਾਲੀਆਂ ਥਾਂਵਾਂ, ਬਾਥਹਾਊਸ ਤੇ ਸੈਕਸ ਕਲੱਬਜ਼ ਦੀ ਸਮਰੱਥਾ ਵੀ 25 ਫੀ ਸਦੀ ਕੀਤੀ ਜਾਵੇਗੀ। ਖੇਡ ਮੁਕਾਬਲਿਆਂ ਦੇ ਦਰਸ਼ਕਾਂ, ਕੰਸਰਟ ਵੈਨਿਊਜ਼ ਤੇ ਥਿਏਟਰਜ਼ ਦੀ ਸਮਰੱਥਾ 21 ਫਰਵਰੀ ਤੋਂ 50 ਫੀ ਸਦੀ ਕਰ ਦਿੱਤੀ ਜਾਵੇਗੀ। ਜਿਨ੍ਹਾਂ ਥਾਂਵਾਂ ਉੱਤੇ ਵੈਕਸੀਨੇਸ਼ਨ ਦੇ ਸਬੂਤ ਦੀ ਲੋੜ ਨਹੀਂ ਹੋਵੇਗੀ ਉੱਥੇ ਲੋਕਾਂ ਨੂੰ ਦੋ ਮੀਟਰ ਦੀ ਫਿਜ਼ੀਕਲ ਦੂਰੀ ਬਰਕਰਾਰ ਰੱਖਣੀ ਹੋਵੇਗੀ। 14 ਮਾਰਚ ਨੂੰ ਓਨਟਾਰੀਓ ਇੰਡੋਰ ਪਬਲਿਕ ਸੈਟਿਙਾਂਗਜ਼ ਤੋਂ ਕਪੈਸਿਟੀ ਲਿਮਿਟ ਹਟਾ ਲਵੇਗਾ ਪਰ ਵੈਕਸੀਨੇਸ਼ਨ ਦਾ ਸਬੂਤ ਜ਼ਰੂਰ ਵਿਖਾਉਣਾ ਹੋਵੇਗਾ।

# ਸਜ਼ਾਵਾਂ ਪੂਰੀਆਂ ਹੋਣ 'ਤੇ ਵੀ ਸਿੱਖ ਕੈਦੀਆਂ ਨੂੰ ਰਿਹਾਅ ਨਾ ਕਰਨਾ ਘੋਰ ਬੇਇਨਸਾਫੀ-ਸਤਿਕਾਰ ਕਮੇਟੀ

ਸਰੀ, (ਹਰਦਮ ਮਾਨ)-ਸਤਿਕਾਰ ਕਮੇਟੀ ਐਬਸਫੋਰਡ ਨੇ ਭਾਰਤ ਦੀਆਂ ਜੇਲ੍ਹਾਂ ਵਿੱਚ ਬੰਦ ਸਿੰਘਾਂ ਦੀਆਂ ਸਜ਼ਾਵਾਂ ਪੂਰੀਆਂ ਹੋਣ ਉਪਰੰਤ ਵੀ ਉਨ੍ਹਾਂ ਨੂੰ ਰਿਹਾਅ ਨਾ ਕਰਨ ਦੀ ਸਖ਼ਤ ਨਿਖੇਧੀ ਕੀਤੀ ਹੈ। ਸਤਿਕਾਰ ਕਮੇਟੀ ਦੇ ਆਗੂ ਸ। ਕੁਲਦੀਪ ਸਿੰਘ ਸੇਖੋਂ ਨੇ ਕਿਹਾ ਹੈ ਕਿ ਇਸ ਸਮੇਂ ਭਾਰਤ ਦੀਆਂ ਵੱਖ ਵੱਖ ਜੇਲ੍ਹਾਂ ਵਿਚ ਪਿਛਲੇ 35-40 ਸਾਲ ਤੋਂ ਸਜ਼ਾ ਭੁਗਤ ਰਹੇ ਅਨੇਕਾਂ ਸਿੰਘ ਅਜਿਹੇ ਹਨ ਜਿਨ੍ਹਾਂ ਦੀ ਸਜ਼ਾ ਪੂਰੀ ਹੋ ਚੁੱਕੀ ਹੈ ਤੇ ਕਈਆਂ ਦੀ ਸਜ਼ਾ ਪੂਰੀ ਹੋਈ ਨੂੰ ਵੀ 15-20 ਸਾਲ ਹੋ ਗਏ ਹਨ ਪ੍ਰੰਤੂ ਸਮੇਂ ਦੀਆਂ ਸਰਕਾਰਾਂ ਤੇ ਇੱਥੋਂ ਤੱਕ ਕਿ ਜੁਡੀਸ਼ਰੀ ਨੇ ਵੀ ਉਨ੍ਹਾਂ ਨੂੰ ਰਿਹਾਅ ਕਰਨ ਲਈ ਕੋਈ ਉਪਰਾਲਾ ਨਹੀਂ ਕੀਤਾ, ਜਦੋਂ ਕਿ ਅਨੇਕਾਂ ਸਿੱਖ ਜਥੇਬੰਦੀਆਂ ਇਨਸਾਫ ਲਈ ਆਪਣੀ ਆਵਾਜ਼ ਉਠਾ ਰਹੀਆਂ ਹਨ ਤੇ ਕਈ ਥਾਵਾਂ ਤੇ ਸਿੱਖ ਜਥੇਬੰਦੀਆਂ ਵਲੋਂ ਧਰਨੇ ਮੁਜ਼ਾਹਰੇ ਵੀ ਕੀਤੇ ਗਏ ਪਰ ਅਫਸੋਸ ਹੈ ਕਿ ਫੇਰ ਵੀ ਸਰਕਾਰਾਂ ਵੱਲੋਂ ਇਸ ਪਾਸੇ ਕੋਈ ਕਦਮ ਨਹੀਂ ਚੁੱਕਿਆ ਜਾ ਰਿਹਾ। ਉਨ੍ਹਾਂ ਦੁੱਖ ਪ੍ਰਗਟ ਕੀਤਾ ਕਿ ਜੇਲ੍ਹਾਂ ਵਿੱਚ ਬੰਦ ਸਿੰਘਾਂ ਨੂੰ ਤਾਂ ਪੈਰੋਲ ਤੇ ਛੁੱਟੀ ਵੀ ਨਹੀਂ ਦਿੱਤੀ ਜਾਂਦੀ ਜਦੋਂ ਕਿ ਦੂਜੇ ਪਾਸੇ ਹੋਰਨਾਂ ਕੈਦੀਆਂ ਨੂੰ ਉਨ੍ਹਾਂ ਦੀ ਸਜ਼ਾ ਪੂਰੀ ਹੋਣ ਤੋਂ ਇਕ ਦੋ ਮਹੀਨੇ ਪਹਿਲਾਂ ਹੀ ਰਿਹਾਅ ਕਰ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਹ ਸ਼ਰ੍ਹੇਆਮ ਸਿੱਖ ਕੈਦੀਆਂ ਨਾਲ ਬੇਇਨਸਾਫੀ ਹੈ। ਸ: ਸੇਖੋਂ ਨੇ ਇਹ ਵੀ ਕਿਹਾ ਕਿ ਦਸ ਸਿੰਘਾਂ ਦੀ ਰਿਹਾਈ ਦੇ ਕੇਸ ਤਿਆਰ ਕਰਕੇ ਸੈਂਟਰ ਸਰਕਾਰ, ਪੰਜਾਬ ਸਰਕਾਰ ਅਤੇ ਹੋਰ ਰਾਜਾਂ ਦੀਆਂ ਸਰਕਾਰਾਂ ਨੇ ਮਤੇ ਪਾਸ ਕਰ ਦਿੱਤੇ ਹਨ ਅਤੇ ਇਨ੍ਹਾਂ ਨੂੰ ਰਿਹਾਅ ਕਰਨ ਦੀ ਆਗਿਆ ਦੇ ਦਿੱਤੀ ਹੈ ਪਰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਇਕ ਮਹੀਨਾ ਅਜਿਹੀਆਂ ਫ਼ਾਈਲਾਂ ਆਪਣੇ ਕੋਲ ਰੱਖ ਕੇ ਰੱਦ ਕਰ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਦਿੱਲੀ ਸਰਕਾਰ ਦੀ ਇਸ ਕਾਰਵਾਈ ਨਾਲ ਸਿੱਖ ਜਥੇਬੰਦੀਆਂ ਅਤੇ ਸਿੱਖ ਕੌਮ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਸ। ਕੁਲਦੀਪ ਸਿੰਘ ਸੇਖੋਂ ਨੇ ਇਹ ਵੀ ਦੱਸਿਆ ਇਸ ਸਤਿਕਾਰ ਕਮੇਟੀ ਵੱਲੋਂ ਇਨ੍ਹਾਂ ਸਿੰਘਾਂ ਦੀ ਰਿਹਾਈ ਵਾਸਤੇ ਐਬਸਫੋਰਡ ਵਿਚ ਸਹਿਜ ਪਾਠ ਲਗਾਤਾਰ ਚੱਲ ਰਹੇ ਹਨ ਤੇ ਪਿਛਲੇ ਦਿਨੀਂ 52 ਵੇਂ ਸਹਿਜ ਪਾਠ ਦੇ ਭੋਗ ਪਾਏ ਗਏ ਹਨ। ਉਨ੍ਹਾਂ ਕਿਹਾ ਕਿ ਭਾਈ ਦਰਬਾਰਾ ਸਿੰਘ ਐਬਸਫੋਰਡ ਤੇ ਸਮੂਹ ਸੰਗਤਾਂ ਵੱਲੋਂ ਇਨ੍ਹਾਂ ਸਹਿਜ ਪਾਠਾਂ ਦੀ ਸੇਵਾ ਕੀਤੀ ਜਾਂਦੀ ਹੈ। ਸ। ਸੇਖੋਂ ਨੇ ਸਤਿਕਾਰ ਕਮੇਟੀ ਵੱਲੋਂ ਸਮੂਹ ਸਿੱਖ ਜਥੇਬੰਦੀਆਂ ਅਤੇ ਸਿੱਖ ਸਮਾਜ ਨੂੰ ਅਪੀਲ ਕੀਤੀ ਹੈ ਕਿ ਇਨ੍ਹਾਂ ਬੰਦੀ ਸਿੰਘਾਂ ਦੀ ਰਿਹਾਈ ਦੇ ਹੱਕ ਵਿੱਚ ਮਤੇ ਪਾ ਕੇ ਸਰਕਾਰਾਂ ਤੱਕ ਪਹੁੰਚਾਏ ਜਾਣ ਤਾਂ ਕਿ ਉਨ੍ਹਾਂ ਨੂੰ ਇਨਸਾਫ ਦੁਆਇਆ ਜਾ ਸਕੇ।



# ਬਾਬਾ ਬੁੱਢਾ ਵੰਸ਼ਜ ਪ੍ਰੋ: ਬਾਬਾ ਨਿਰਮਲ ਸਿੰਘ ਰੰਧਾਵਾ ਨੂੰ ਬਾਬਾ ਬਿੱਧੀ ਚੰਦ ਜੀ ਦੀ ਅੰਸ਼ ਬੰਸ਼ ਬਾਬਾ ਅਵਤਾਰ ਸਿੰਘ ਜੀ ਨੇ ਕੀਤਾ ਸਨਮਾਨਿਤ

ਛੇਹਰਟਾ (ਰਾਜ-ਤਾਜ ਰੰਧਾਵਾ)-ਦਲ ਪੰਥ ਬਹਾਦਰ ਬਾਬਾ ਬਿੱਧੀ ਚੰਦ ਸਾਹਿਬ ਜੀ ਦੇ 11ਵੇਂ ਮੁੱਖੀ ਬਾਬਾ ਦਯਾ ਸਿੰਘ ਸਾਹਿਬ ਜੀ ਦੀ 8ਵੀਂ ਬਰਸੀ ਦਲ ਪੰਥ ਦੇ ਹੈਡ ਕਵਾਟਰ ਗੁ: ਸ੍ਰੀ ਛਾਉਣੀ ਸਾਹਿਬ ਨਗਰ ਸੁਰ ਸਿੰਘ (ਜਿਲਾ ਤਰਨਤਾਰਨ) ਵਿਖੇ "ਸੰਪਰਦਾ ਦਲ ਪੰਥ ਬਾਬਾ ਬਿੱਧੀ ਚੰਦ ਸਾਹਿਬ" ਦੇ 12ਵੇਂ ਮੁੱਖੀ ਅਤੇ ਸੱਚਖੰਡਵਾਸੀ ਬਾਬਾ ਦਯਿਆ ਸਿੰਘ ਜੀ ਦੇ ਵੱਡੇ ਸਪੁੱਤਰ ਬਾਬਾ ਅਵਤਾਰ ਸਿੰਘ ਸਾਹਿਬ ਜੀ ਵਲੋਂ ਬਹੁਤ ਹੀ ਸ਼ਰਧਾ-ਭਾਵਨਾ ਨਾਲ ਮਨਾਈ ਗਈ । ਬਾਬਾ ਜੀ ਦੇ ਅੰਗੀਠਾ ਸਾਹਿਬ 'ਤੇ ਰੱਖੇ ਸ੍ਰੀ ਅਖੰਡ ਸਾਹਿਬ ਦੇ ਭੋਗ ਪਾਉਣ ਉਪਰੰਤ ਦੀਵਾਨ ਹਾਲ 'ਚ ਗੁਰਮਿਤ ਸਮਾਗਮ ਕਰਵਾਇਆ ਗਿਆ ਜਿਥੇ ਬੇਅੰਤ ਸੰਗਤਾਂ ਅਤੇ ਮਹਾਂਪੁਰਸ਼ਾਂ ਨੇ ਹਾਜ਼ਰੀਆਂ ਭਰੀਆਂ । ਵੱਖ ਵੱਖ ਸੰਪਰਦਾਵਾਂ ਦੇ ਮੁੱਖੀਆਂ ਨੂੰ ਸਨਮਾਨਿਤ ਕਰਨ ਤੋਂ ਇਲਾਵਾ ਬਾਬਾ ਬਿੱਧੀ ਚੰਦ ਸਾਹਿਬ ਜੀ ਦੀ ਅੰਸ਼ ਬੰਸ਼ ਅਤੇ ਦਲ ਪੰਥ ਦੇ ਮੁੱਖੀ ਬਾਬਾ ਅਵਤਾਰ ਸਿੰਘ ਜੀ ਨੇ ਬਾਬਾ ਬੁੱਢਾ ਸਾਹਿਬ ਜੀ ਦੀ ਅੰਸ਼ ਬੰਸ਼ ਪ੍ਰੋਫੈਸਰ ਬਾਬਾ ਨਿਰਮਲ ਸਿੰਘ ਰੰਧਾਵਾ ਸਪੁੱਤਰ ਸੰਤ ਅਮਰੀਕ ਸਿੰਘ ਰੰਧਾਵਾ (ਮੁੱਖੀ 'ਸੰਪਰਦਾ ਬਾਬਾ ਬੁੱਢਾ ਵੰਸ਼ਜ ਗੁਰੂ ਕੇ ਹਾਲੀ ਰੰਧਾਵੇ ਗੁਰੂ ਕੀ ਵਡਾਲੀ-ਛੇਹਰਟਾ) ਨੂੰ ਸਟੇਜ 'ਤੇ ਸਿਰੋਪਾਓ (ਨੀਲੀ ਲੋਈ) ਪਾ ਕੇ ਸਨਮਾਨਿਤ ਕੀਤਾ । ਯਾਦ ਰਹੇ ਕਿ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ 1595 ਈ: ਨੂੰ ਆਪਣੇ ਗ੍ਰਿਹ ਵਿਖੇ ਬਾਲਕ ਹਰਿਗੋਬਿੰਦ ਜੀ ਦੇ ਪ੍ਰਕਾਸ਼ ਲੈਣ ਦੀ ਖ਼ੁਸੀ 'ਚ ਨਵੇਂ ਵਸਾਏ ਨਗਰ ਗੁਰੂ ਕੀ ਵਡਾਲੀ ਦੀ ਜੂਹ 'ਚ ਬਾਬਾ ਬੁੱਢਾ ਸਾਹਿਬ ਜੀ ਦੇ ਵੱਡੇ ਸਪੁੱਤਰ ਰਾਹੀਂ ਪੰਜ ਖ਼ੂਹ (ਦੋਹਰਟਾ, ਤਿੰਨਹਰਟਾ, ਚਾਰਹਰਟਾ, ਪੰਜਹਰਟਾ ਅਤੇ ਛੇਹਰਟਾ) ਤਾਮੀਰ ਕਰਵਾਕੇ ਪੰਜਾਂ ਖ਼ੂਹਾਂ ਦੀ ਜ਼ਮੀਨ ਦਾ ਮਾਲਕ ਬਣਾਕੇ "ਬਾਬਾ ਸਹਾਰੀ ਗੁਰੂ ਕਾ ਹਾਲੀ" ਦਾ ਖਿਤਾਬ ਬਖ਼ਸ਼ਿਆ ਸੀ । ਇਸੇ ਤਰਾਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਾਬਾ ਬਿੱਧੀ ਚੰਦ ਸਾਹਿਬ ਜੀ ਨੂੰ ਗੁਰੂ ਘਰ ਲਈ ਕੀਤੀਆਂ ਸੇਵਾਵਾਂ ਤੋਂ ਖ਼ੁਸ਼ ਹੋ ਕੇ "ਬਿੱਧੀ ਚੰਦ ਛੀਨਾ ਗੁਰੂ ਕਾ ਸੀਨਾ" ਦਾ ਖਿਤਾਬ ਦੇ ਕੇ ਨਿਵਾਜਿਆ ਸੀ । ਸੋ ਬਾਬਾ ਬਿੱਧੀ ਚੰਦ ਸਾਹਿਬ ਜੀ ਦੀ ਅੰਸ਼ ਬੰਸ਼ ਵਲੋਂ ਬਾਬਾ ਬੁੱਢਾ ਸਾਹਿਬ ਜੀ ਦੀ ਵੰਸ਼ਜ ਦਾ ਹਮੇਸ਼ਾ ਸਤਿਕਾਰ ਕੀਤਾ ਜਾਂਦਾ ਹੈ ।



# ਬਰੈਂਪਟਨ ਦੇ ਘਰ ਵਿੱਚ ਲੱਗੀ ਅੱਗ, 3 ਬੱਚਿਆਂ ਦੀ ਮੌਤ



ਬਰੈਂਪਟਨ-ਬਰੈਂਪਟਨ ਵਿੱਚ ਇੱਕ ਟਾਊਨਹਾਊਸ ਵਿੱਚ ਲੱਗੀ ਅੱਗ ਤੋਂ ਬਾਅਦ ਤਿੰਨ ਬੱਚਿਆਂ ਦੀ ਮੌਤ ਹੋ ਗਈ। ਪੀਲ ਪੁਲਿਸ ਨੇ ਆਖਿਆ ਕਿ ਸਵੇਰੇ 9:11 ਵਜੇ ਟੌਰਬ੍ਰੈਮ ਰੋਡ ਤੇ ਕਲਾਰਕ ਬੋਲੀਵੀਅਰਡ ਉੱਤੇ ਸਥਿਤ ਇੱਕ ਘਰ ਵਿੱਚ ਲੱਗੀ ਅੱਗ ਤੋਂ ਬਾਅਦ ਫਰਸਟ ਰਿਸਪਾਂਡਰਜ਼ ਮੌਕੇ ਉੱਤੇ ਪਹੁੰਚੇ। ਜਿਸ ਸਮੇਂ ਅੱਗ ਲੱਗੀ ਉਸ ਸਮੇਂ ਘਰ ਵਿੱਚ ਲੋਕ ਮੌਜੂਦ ਸਨ। ਇਸ ਦੀ ਖਬਰ ਮਿਲਦੇ ਸਾਰ ਹੀ ਮੌਕੇ ਉੱਤੇ ਪਹੁੰਚੇ ਫਾਇਰਫਾਈਟਰਜ਼ ਨੂੰ ਉੱਪਰਲੀ ਮੰਜਿਲ਼ਲ ਦੀਆਂ ਖਿੜਕੀਆਂ ਵਿੱਚ ਪੌੜੀਆਂ ਲਾ ਕੇ ਘਰ ਦੇ ਅੰਦਰ ਜਾਣ ਦੀ ਕੋਸਿਲ਼ਸ਼ ਕਰਦਿਆਂ ਵੇਖਿਆ ਗਿਆ। ਫਾਇਰਫਾਈਟਰਜ਼ ਨੇ ਦੱਸਿਆ ਕਿ ਘਰ ਵਿੱਚ ਰਹਿਣ ਵਾਲੇ ਲੋਕਾਂ ਨੂੰ ਦੂਜੀ ਤੇ ਤੀਜੀ ਮੰਜਿਲ਼ਲ ਤੋਂ ਬਾਹਰ ਕੱਢਿਆਂ ਗਿਆ। ਪੀਲ ਰੀਜਨਲ ਪੈਰਾਮੈਡਿਕਸ ਸਰਵਿਸਿਜ਼ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਗੰਭੀਰ ਹਾਲਤ ਵਿੱਚ ਤਿੰਨ ਲੋਕਾਂ ਨੂੰ ਹਸਪਤਾਲ ਪਹੁੰਚਾਇਆ ਗਿਆ। ਇਸ ਤੋਂ ਇਲਾਵਾ ਇੱਕ ਵਿਅਕਤੀ ਦੇ ਮਾਮੂਲੀ ਜ਼ਖ਼ਮਾਂ ਦਾ ਇਲਾਜ ਵੀ ਮੌਕੇ ਉੱਤੇ ਹੀ ਕੀਤਾ ਗਿਆ। ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਨੇ ਸਵੇਰੇ 11:30 ਵਜੇ ਟਵੀਟ ਕਰਕੇ ਆਖਿਆ ਕਿ ਹੁਣ ਤੱਕ ਤਿੰਨ ਬੱਚਿਆਂ ਦੇ ਮਰਨ ਦੀ ਪੁਸ਼ਟੀ ਹੋ ਚੁੱਕੀ ਹੈ। ਬ੍ਰਾਊਨ ਨੇ ਲਿਖਿਆ ਕਿ ਇਸ ਘਾਟੇ ਨੂੰ ਕਦੇ ਪੂਰਾ ਨਹੀਂ ਕੀਤਾ ਜਾ ਸਕਦਾ। ਸਾਡੇ ਕੋਈ ਵੀ ਲਫਜ਼ ਕਦੇ ਵੀ ਇਸ ਦੁੱਖ ਦੀ ਘੜੀ ਲਈ ਕਾਫੀ ਨਹੀਲ਼ਂ ਹੋਣਗੇ।ਇਸ ਪਰਿਵਾਰ ਦੀ ਦੁੱਖ ਦੀ ਘੜੀ ਵਿੱਚ ਅਸੀਂ ਉਨ੍ਹਾਂ ਦੇ ਨਾਲ ਹਾਂ। ਪੁਲਿਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਅੱਗ ਕਾਰਨ ਘਰ ਵਿੱਚ ਮੌਜੂਦ 18 ਸਾਲ ਤੋਂ ਘੱਟ ਉਮਰ ਦੇ ਤਿੰਨ ਬੱਚਿਆਂ ਦੀ ਮੌਤ ਹੋ ਗਈ। ਪੀਲ ਪੈਰਾਮੈਡਿਕਸ ਨੇ ਆਖਿਆ ਕਿ ਉਨ੍ਹਾਂ ਨੇ 9,12 ਤੇ 15 ਸਾਲ ਉਮਰ ਦੇ ਤਿੰਨ ਬੱਚਿਆਂ ਨੂੰ ਹਸਪਤਾਲ ਪਹੁੰਚਾਇਆ ਤੇ ਉਨ੍ਹਾਂ ਵਿੱਚ ਕੋਈ ਸਾਹ ਸਤ ਨਹੀਂ ਸੀ। ਓਨਟਾਰੀਓ ਫਾਇਰ ਮਾਰਸ਼ਲ ਆਫਿਸ ਨੂੰ ਇਸ ਮਾਮਲੇ ਦੀ ਜਾਣਕਾਰੀ ਦੇ ਦਿੱਤੀ ਗਈ ਹੈ ਤੇ ਉਨ੍ਹਾਂ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾਵੇਗੀ।



# ਵੈਕਸੀਨੇਸ਼ਨ ਨਾ ਕਰਵਾਉਣ ਵਾਲਿਆਂ ਨੂੰ ਦਿੱਤੀ ਜਾ ਸਕਦੀ ਹੈ ਪੈਕਸਲੋਵਿਡ ਪਿੱਲ-ਟੈਮ

ਓਟਵਾ-ਕੈਨੇਡਾ ਦੀ ਉੱਘੀ ਡਾਕਟਰ ਥੈਰੇਸਾ ਟੈਮ ਦਾ ਕਹਿਣਾ ਹੈ ਕਿ ਜਿਨ੍ਹਾਂ ਨੇ ਅਜੇ ਤੱਕ ਕੋਵਿਡ-19 ਵੈਕਸੀਨੇਸ਼ਨ ਨਹੀਂ



ਕਰਵਾਈ ਹੈ ਉਨ੍ਹਾਂ ਨੂੰ ਨਵੇਂ ਮਨਜ਼ੂਰ ਕੀਤੇ ਗਏ ਇਲਾਜ ਰਾਹੀਂ ਗੁਜ਼ਰਨਾ ਹੋਵੇਗਾ। ਪਰ ਇਸ ਟਰੀਟਮੈਂਟ ਦੀ ਸਪਲਾਈ ਅਜੇ ਬਹੁਤ ਘੱਟ ਹੈ। ਫਾਈਜ਼ਰ ਦੀ ਐਂਟੀਵਾਇਰਲ ਗੋਲੀ ਪੈਕਸਲੋਵਿਡ ਨੂੰ ਸੋਮਵਾਰ ਨੂੰ ਹੈਲਥ ਕੈਨੇਡਾ ਵੱਲੋਂ ਮਨਜ਼ੂਰੀ ਦਿੱਤੀ ਗਈ ਹੈ। ਇਹ ਪਿੱਲ ਉਨ੍ਹਾਂ ਲੋਕਾਂ ਨੂੰ ਦਿੱਤੀ ਜਾ ਸਕੇਗੀ ਜਿਨ੍ਹਾਂ ਅੰਦਰ ਕੋਵਿਡ-19 ਦੇ ਮਾਮੂਲੀ ਜਾਂ ਦਰਮਿਆਨੇ ਲੱਛਣ ਪਾਏ ਜਾਣਗੇ, ਜਿਨ੍ਹਾਂ ਦੇ ਗੰਭੀਰ ਬਿਮਾਰ ਹੋਣ ਦਾ ਖਤਰਾ ਹੋਵੇਗਾ ਤੇ ਜਿਨ੍ਹਾਂ ਨੂੰ ਹਸਪਤਾਲ ਵਿੱਚ ਦਾਖਲ ਕਰਨ ਜਾਂ ਵਧੇਰੇ ਕੇਅਰ ਦੀ ਲੋੜ ਹੋਵੇਗੀ। ਜਿਹੜਾ ਪਹਿਲਾਂ ਤੋਂ ਹੀ ਹਸਪਤਾਲ ਵਿੱਚ ਭਰਤੀ ਹੈ ਅਜਿਹੇ ਮਰੀਜ਼ ਨੂੰ ਇਹ ਦਵਾਈ ਨਹੀਂ ਦਿੱਤੀ ਜਾ ਸਕਦੀ। ਇਹ ਦਵਾਈ ਲੱਛਣ ਨਜ਼ਰ ਆਉਣ ਦੇ ਪੰਜ ਦਿਨਾਂ ਦੇ ਅੰਦਰ ਅੰਦਰ ਦੇਣੀ ਹੋਵੇਗੀ। ਫਾਈਜ਼ਰ ਦਾ ਇਹ ਦਾਅਵਾ ਹੈ ਕਿ ਇਸ ਦਵਾਈ ਦੇ ਟ੍ਰਾਇਲਜ਼ ਤੋਂ ਸਾਹਮਣੇ ਆਇਆ ਹੈ ਕਿ ਇਹ ਡਰੱਗ ਕਿਸੇ ਬਾਲਗ ਵਿਅਕਤੀ ਦੇ ਹਸਪਤਾਲ ਦਾਖਲ ਹੋਣ ਜਾਂ ਕਿਸੇ ਦੀ ਮੌਤ ਦੀ ਸੰਭਾਵਨਾ ਨੂੰ 89 ਫੀ ਸਦੀ ਘਟਾਉਂਦੀ ਹੈ, ਬਸ਼ਰਤੇ ਇਸ ਨੂੰ ਲੱਛਣ ਨਜ਼ਰ ਆਉਣ ਤੋਂ ਤੁਰੰਤ ਬਾਅਦ ਲਿਆ ਜਾਵੇ।



# ਸਰੀ ਵਿਖੇ ਪ੍ਰਸਿੱਧ ਪੱਤਰਕਾਰ ਜਸਪਾਲ ਸਿੰਘ ਸਿੱਧੂ ਨਾਲ ਵਿਸ਼ੇਸ਼ ਸੰਵਾਦ

ਸਰੀ, (ਹਰਦਮ ਮਾਨ)-ਬੀਤੇ ਦਿਨੀਂ ਸਰੀ ਵਿਖੇ ਆਏ ਪ੍ਰਸਿੱਧ ਪੱਤਰਕਾਰ ਜਸਪਾਲ ਸਿੰਘ ਸਿੱਧੂ ਨਾਲ ਵਿਚਾਰ ਵਟਾਂਦਰਾ ਕਰਨ ਲਈ ਵੈਨਕੂਵਰ ਵਿਚਾਰ ਮੰਚ ਵੱਲੋਂ ਵਿਸ਼ੇਸ਼ ਸੰਵਾਦ ਰਚਾਇਆ ਗਿਆ। ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਦੇ ਸਹਿਯੋਗ ਨਾਲ ਕਰਵਾਏ ਇਸ ਸੰਖੇਪ ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਜਰਨੈਲ ਸਿੰਘ ਆਰਟਿਸਟ ਨੇ ਸਭਨਾਂ ਨੂੰ ਜੀ ਆਇਆਂ ਕਿਹਾ ਅਤੇ ਜਸਪਾਲ ਸਿੰਘ ਸਿੱਧੂ ਦੀ ਸੰਖੇਪ ਜਾਣ ਪਛਾਣ ਕਰਵਾਈ। ਮੀਟਿੰਗ ਦਾ ਸੰਚਾਲਨ ਕਰ ਰਹੇ ਮੋਹਨ ਗਿੱਲ ਨੇ ਦੱਸਿਆ ਕਿ ਜਸਪਾਲ ਸਿੰਘ ਸਿੱਧੂ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੱਤਰਕਾਰੀ ਵਿੱਚ ਪੋਸਟ ਗਰੈਜੂਏਟ ਡਿਪਲੋਮਾ ਹਾਸਲ ਕੀਤਾ ਅਤੇ ਫਿਰ ਇੰਡੀਅਨ ਐਕਸਪ੍ਰੈੱਸ ਰਾਹੀਂ ਪੱਤਰਕਾਰੀ ਸ਼ੁਰੂ ਕੀਤੀ। ਫਿਰ ਯੂਐੱਨਆਈ ਨਿਊਜ਼ ਏਜੰਸੀ ਵਿੱਚ ਬਤੌਰ ਰਿਪੋਰਟਰ ਕਾਰਜਸ਼ੀਲ ਹੋਏ ਅਤੇ ਅਕਾਲੀ ਮੋਰਚੇ ਤੇ ਸ੍ਰੀ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਦੀ ਰਿਪੋਰਟਿੰਗ ਕੀਤੀ। ਉਹ ਦਿੱਲੀ ਵਿੱਚ ਬਤੌਰ ਸਪੈਸ਼ਲ ਕੋਰਸਪੋਂਡੈਂਟ ਕਾਫੀ ਸਮਾਂ ਰਹੇ ਤੇ ਉਥੋਂ ਹੀ ਰਿਟਾਇਰਮੈਂਟ ਲਈ। ਕਈ ਅਖ਼ਬਾਰਾਂ ਤੇ ਮੈਗਜ਼ੀਨਾਂ ਵਿੱਚ ਵੀ ਉਨ੍ਹਾਂ ਦੇ ਕਾਲਮ ਤੇ ਆਰਟੀਕਲ ਛਾਪਦੇ ਰਹੇ ਤੇ ਛਪ ਰਹੇ ਹਨ। ਜਸਪਾਲ ਸਿੰਘ ਸਿੱਧੂ ਨੇ ਪੰਜਾਬ ਦੇ ਕਾਲੇ ਦੌਰ ਸਮੇਂ ਪ੍ਰਸ਼ਾਸਨ, ਪੁਲਸ ਤੇ ਰਾਜਨੀਤੀ ਵੱਲੋਂ ਪੰਜਾਬ ਦੇ ਲੋਕਾਂ ਉਪਰ ਵਰਤਾਏ ਕਹਿਰ ਦਾ ਵਰਨਣ ਕੀਤਾ ਅਤੇ ਕਿਹਾ ਕਿ ਉਸ ਸਮੇਂ ਪ੍ਰੈੱਸ ਤੇ ਅਖ਼ਬਾਰਾਂ ਨੇ ਵੀ ਸਰਕਾਰੀ ਮਸ਼ੀਨਰੀ ਦੀ "ਸਿੱਖ-ਅਤਿਵਾਦ ਵਿਰੋਧੀ ਮੁਹਿੰਮ" ਦਾ ਪੂਰਾ ਪੂਰਾ ਸਾਥ ਦਿੱਤਾ। ਉਨ੍ਹਾਂ ਕਿਹਾ ਕਿ ਭਾਵੇਂ ਇੰਡੀਆ ਸਟੇਟ ਨੇ ਨੰਗੀ ਚਿੱਟੀ ਧੱਕੇਸ਼ਾਹੀ ਤੇ ਮਾਰ ਮਰਾਈ ਕਰਕੇ ਸਿੱਖ ਖਾੜਕੂਵਾਦ ਨੂੰ ਦਬਾ ਦਿੱਤਾ ਹੈ ਪਰ ਇਸ ਦੇ ਨਾਲ ਸਟੇਟ ਦੇ ਉੱਪਰੋਂ ਥੋਪੇ ਸਤਹੀ ਪੱਧਰ ਦੇ ਲੋਕਤੰਤਰਿਕ ਸਿਸਟਮ ਨੂੰ ਢਾਹ ਲੱਗੀ ਹੈ। ਸਰਕਾਰ ਨੇ ਅਤਿਵਾਦ ਨੂੰ ਕੁਚਲਣ ਦੇ ਨਾਮ ਥੱਲੇ ਹਰ ਗ਼ੈਰ ਇਖ਼ਲਾਕੀ ਅਸੱਭਿਆ ਘਿਨਾਉਣਾ ਤੇ ਗ਼ੈਰ ਇਨਸਾਨੀ ਹਰਬਾ ਵਰਤਿਆ। ਉਨ੍ਹਾਂ ਕਿਹਾ ਕਿ ਬੇਸ਼ੱਕ ਅਜੇ ਤੱਕ ਮਜ਼ਬੂਤ ਕੇਂਦਰੀ ਰਾਜ ਸੱਤਾ ਸਿੱਖਾਂ ਵਿਚੋਂ ਹੀ ਤਿਆਰ ਕੀਤੇ ਆਪਣੇ ਸਿਆਸੀ ਏਜੰਟਾਂ ਰਾਹੀਂ ਅਤੇ ਸਿੱਖ ਤੇ ਗੈਰ ਸਿੱਖ ਆਬਾਦੀਆਂ ਦੀ ਡੂੰਘੀ ਤਵਾਰੀਖ਼ੀ ਤੇ ਮਾਨਸਿਕ ਵੰਡ ਦਾ ਲਾਭ ਉਠਾ ਕੇ ਪੰਜਾਬ ਵਿਚ ਆਪਣੀ ਮਨਮਰਜ਼ੀ ਦੇ ਨਿਜ਼ਾਮ ਖੜ੍ਹੇ ਕਰਦੀ ਆ ਰਹੀ ਹੈ ਪਰ ਨਵੀਂ ਸਿੱਖ ਪੀੜ੍ਹੀ ਖ਼ਾਸ ਕਰਕੇ ਪੜ੍ਹੇ ਲਿਖੇ ਸਿੱਖ, ਕੇਂਦਰਵਾਦੀ ਤੇ ਹਿੰਦੂਵਾਦੀ ਸਿਆਸਤ ਦੀਆਂ ਬਰੀਕੀਆਂ ਨੂੰ ਜ਼ਿਆਦਾ ਚੰਗੀ ਤਰ੍ਹਾਂ ਸਮਝਣ ਲੱਗ ਪਏ ਹਨ ਅਤੇ ਧਾਕੜ ਹਿੰਦੂਤਵ ਸਗੋਂ ਸਿੱਖ ਪਛਾਣ ਨੂੰ ਹੋਰ ਤਕੜਾ ਕਰ ਰਿਹਾ ਹੈ। ਸ। ਸਿੱਧੂ ਅਨੁਸਾਰ ਦਿਨ ਬ ਦਿਨ ਬਦਲ ਰਹੇ ਕੌਮੀ ਅਤੇ ਕੌਮਾਂਤਰੀ ਤਵਾਜ਼ਨ ਨੇ ਸਿੱਖ ਸਿਆਸਤ ਨੂੰ ਭਵਿੱਖ ਵਿੱਚ ਜ਼ਿਆਦਾ ਕਿਰਿਆਸ਼ੀਲ ਕਰਨਾ ਹੈ ਅਤੇ ਇਸ ਨੇ ਭਾਰਤ ਦੀਆਂ ਅੰਦਰਲੀਆਂ ਤਬਦੀਲੀਆਂ ਵਿੱਚ ਚੋਖਾ ਹਿੱਸਾ ਪਾਉਣਾ ਹੈ। ਇਸ ਵਿਸ਼ੇਸ਼ ਮਿਲਣੀ ਸਮੇਂ ਹੋਰਨਾਂ ਤੋਂ ਇਲਾਵਾ ਡਾ। ਗੁਰਵਿੰਦਰ ਸਿੰਘ ਧਾਲੀਵਾਲ, ਡਾ। ਗੁਰਬਖ਼ਸ਼ ਸਿੰਘ ਭੰਡਾਲ, ਜਰਨੈਲ ਸਿੰਘ ਆਰਟਿਸਟ, ਜਰਨੈਲ ਸਿੰਘ ਸੇਖਾ, ਬਖ਼ਸ਼ਿੰਦਰ, ਜਸਵੰਤ ਬਰਾੜ, ਹਰਦਮ ਮਾਨ ਵੀ ਹਾਜ਼ਰ ਸਨ





# ਓਸ਼ਨ ਵਿਊ ਫਿਸ਼ ਕੈਨਰੀ

## OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

# ਕੈਨੇਡਾ ਤੇ ਅਮਰੀਕਾ ਦੀ ਸਰਹੱਦ ਨੇੜੇ ਮਿਲੀਆਂ ਚਾਰ ਲਾਸ਼ਾਂ

## ਮਨੁੱਖੀ ਸਮਗਲਿੰਗ ਲਈ ਫਲੋਰਿਡਾ ਦੇ ਵਿਅਕਤੀ ਨੂੰ ਕੀਤਾ ਗਿਆ ਚਾਰਜ

ਮੈਨੀਟੋਬਾ-ਕੈਨੇਡਾ-ਯੂਐਸ ਬਾਰਡਰ ਦੇ ਨੇੜੇ ਮੈਨੀਟੋਬਾ ਵਿੱਚ ਇੱਕ ਬੱਚੇ ਸਮੇਤ ਚਾਰ ਵਿਅਕਤੀਆਂ ਦੀਆਂ ਲਾਸ਼ਾਂ ਮਿਲਣ ਤੋਂ ਬਾਅਦ ਫਲੋਰਿਡਾ ਦੇ ਇੱਕ ਵਿਅਕਤੀ ਨੂੰ ਚਾਰਜ ਕੀਤਾ ਗਿਆ ਹੈ ਉਸ ਉੱਤੇ ਮਨੁੱਖੀ ਸਮਗਲਿੰਗ ਦਾ ਦੋਸ਼ ਲਾਇਆ ਗਿਆ ਹੈ। ਡਿਸਟ੍ਰਿਕਟ ਆਫ ਮਿਨੀਸੋਟਾ ਲਈ ਯੂਨਾਈਟਿਡ ਸਟੇਟਸ ਅਟਾਰਨੀ ਆਫਿਸ ਅਨੁਸਾਰ 47 ਸਾਲਾ ਸਟੀਵ ਸੈਂਡ ਨੂੰ ਬੁੱਧਵਾਰ ਨੂੰ ਯੂਐਸ ਬਾਰਡਰ ਪੈਟਰੋਲ ਵੱਲੋਂ ਬਿਨਾਂ ਦਸਤਾਵੇਜ਼ਾਂ ਦੇ ਵਿਦੇਸ਼ੀ ਨਾਗਰਿਕਾਂ ਨੂੰ ਸਮਗਲ ਕਰਨ ਲਈ ਗ੍ਰਿਫਤਾਰ ਕੀਤਾ ਗਿਆ ਸੀ। ਉਸ ਖਿਲਾਫ ਲਾਏ ਗਏ ਚਾਰਜਿਜ਼ ਅਦਾਲਤ ਵਿੱਚ ਸਿੱਧ ਨਹੀਂ ਹੋਏ ਹਨ ਯੂਨਾਈਟਿਡ ਸਟੇਟਸ ਅਟਾਰਨੀ ਆਫਿਸ ਨੇ ਆਖਿਆ ਕਿ ਬੁੱਧਵਾਰ ਨੂੰ ਯੂਐਸ ਬਾਰਡਰ ਪੈਟਰੋਲ ਨੇ ਸੈਂਡ ਨੂੰ ਰੋਕਿਆ, ਉਹ ਬਾਰਡਰ ਦੇ ਦੱਖਣ ਵੱਲ ਦੋ ਕਿਲੋਮੀਟਰ ਤੋਂ ਵੀ ਘੱਟ ਦੀ ਦੂਰੀ ਉੱਤੇ ਪੇਂਡੂ ਇਲਾਕੇ ਵਿੱਚ 15 ਸੀਟਰ ਪੈਸੈਂਜਰ ਵੈਨ ਚਲਾ ਰਿਹਾ ਸੀ ਰਿਲੀਜ਼ ਵਿੱਚ ਆਖਿਆ ਗਿਆ ਕਿ ਵੈਨ ਵਿੱਚ ਬਿਨਾਂ ਦਸਤਾਵੇਜ਼ਾਂ ਵਾਲੇ ਦੋ ਵਿਅਕਤੀ ਮੌਜੂਦ ਸਨ। ਯੂਨਾਈਟਿਡ ਸਟੇਟਸ ਅਟਾਰਨੀ ਆਫਿਸ ਅਨੁਸਾਰ ਜਿਸ ਸਮੇਂ ਸੈਂਡ ਤੇ ਦੋ ਪੈਸੈਂਜਰਜ਼ ਨੂੰ ਉੱਤਰੀ ਡਕੋਤਾ ਵਿੱਚ ਪੈਂਬੀਨਾ ਬਾਰਡਰ ਪੈਟਰੋਲ ਸਟੇਸ਼ਨ ਲਿਜਾਇਆ ਗਿਆ ਉਸ ਸਮੇਂ ਦੇ ਨੇੜੇ ਤੇੜੇ ਹੀ ਪੰਜ ਹੋਰ ਵਿਅਕਤੀ ਬਾਰਡਰ ਦੇ ਦੱਖਣ ਵੱਲ ਉਸ ਦਿਸ਼ਾ ਵੱਲ ਤੁਰੇ ਜਾਂਦੇ ਮਿਲੇ ਜਿੱਥੇ ਸੈਂਡ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਰਲੀਜ਼ ਵਿੱਚ ਆਖਿਆ ਗਿਆ ਕਿ ਉਨ੍ਹਾਂ ਪੰਜਾਂ ਵਿਅਕਤੀਆਂ ਨੇ ਅਧਿਕਾਰੀਆਂ ਨੂੰ ਦੱਸਿਆ ਕਿ ਉਹ ਬਾਰਡਰ ਪਾਰ ਕਰਕੇ ਆਏ ਹਨ ਤੇ ਇੱਥੇ ਉਨ੍ਹਾਂ ਨੂੰ ਕਿਸੇ ਵਿਅਕਤੀ ਵੱਲੋਂ ਅੱਗੇ ਲਿਜਾਇਆ ਜਾਣਾ ਸੀ। ਰਲੀਜ਼ ਵਿੱਚ ਅੱਗੇ ਆਖਿਆ ਗਿਆ ਕਿ ਇਸ ਗਰੁੱਪ ਦੇ ਮੈਂਬਰਾਂ ਵਿੱਚੋਂ ਇੱਕ ਦੇ ਬੈਕਪੈਕ ਵਿੱਚ ਬੱਚਿਆਂ ਦੇ ਕੱਪੜੇ, ਡਾਇਪਰ, ਖਿਡੌਣੇ ਤੇ ਦਵਾਈਆਂ ਆਦਿ ਮੌਜੂਦ ਸਨ। ਉਸ ਵਿਅਕਤੀ ਨੇ ਅਧਿਕਾਰੀਆਂ ਨੂੰ ਦੱਸਿਆ ਕਿ ਉਸ ਕੋਲ ਪਰਿਵਾਰ ਦੇ ਚਾਰ ਜੀਆਂ ਦਾ ਬੈਕਪੈਕ ਸੀ ਤੇ ਉਹ ਪਰਿਵਾਰ ਪਹਿਲਾਂ ਉਨ੍ਹਾਂ ਦੇ ਨਾਲ ਹੀ ਆ ਰਿਹਾ ਸੀ ਪਰ ਰਾਤ ਸਮੇਂ ਉਹ ਵੱਖ ਹੋ ਗਏ। ਮੈਨੀਟਬਾ ਵਿੱਚ ਜਦੋਂ ਸਵੇਰੇ 9:20 ਉੱਤੇ ਮਾਊਂਟੀਜ਼ ਨੂੰ ਇਹ ਖਬਰ ਮਿਲੀ ਤਾਂ ਉਨ੍ਹਾਂ ਇਲਾਕੇ ਦੀ ਭਾਲ ਦਾ ਕੰਮ ਸ਼ੁਰੂ ਕੀਤਾ।ਮੈਨੀਟੋਬਾ ਆਰਸੀਐਮਪੀ ਅਸਿਸਟੈਂਟ ਕਮਿਸ਼ਨਰ ਜੇਨ ਮੈਕਲੈਚੀ ਨੇ ਆਖਿਆ ਕਿ ਦੁਪਹਿਰੇ 1:30 ਵਜੇ ਦੇ ਨੇੜੇ ਕੈਨੇਡੀਅਨ ਸਾਈਡ ਉੱਤੇ ਅਧਿਕਾਰੀਆਂ ਨੂੰ ਐਮਰਸਨ ਤੋਂ 10 ਕਿਲੋਮੀਟਰ ਪੂਰਬ ਵੱਲ ਤਿੰਨ ਵਿਅਕਤੀਆਂ ਦੀਆਂ ਲਾਸ਼ਾਂ ਮਿਲੀਆਂ। ਉਨ੍ਹਾਂ ਆਖਿਆ ਕਿ ਇਹ ਲਾਸ਼ਾਂ ਬਾਲਗ ਵਿਅਕਤੀ, ਇੱਕ ਮਹਿਲਾ ਤੇ ਬੱਚੇ ਦੀਆਂ ਸਨ। ਚੌਥੀ ਲਾਸ਼, ਜੋ ਕਿ ਇੱਕ ਟੀਨੇਜਰ ਲੜਕੇ ਦੀ ਸੀ, ਥੋੜ੍ਹੀ ਦੇਰ ਬਾਅਦ ਮਿਲੀ।ਰਲੀਜ਼ ਵਿੱਚ ਦੱਸਿਆ ਗਿਆ ਕਿ ਇਹ ਲਾਸ਼ਾਂ ਇੱਕੋ ਪਰਿਵਾਰ ਦੇ ਵੱਖ ਹੋਏ ਚਾਰ ਜੀਆਂ ਦੀਆਂ ਸਨ। ਆਰਸੀਐਮਪੀ ਨੇ ਦੱਸਿਆ ਕਿ ਇਹ ਲਾਸ਼ਾਂ ਬਾਰਡਰ ਤੋਂ 40 ਫੁੱਟ ਦੀ ਦੂਰੀ ਉੱਤੇ ਮਿਲੀਆਂ। ਮੁੱਢਲੀ ਜਾਂਚ ਤੋਂ ਸਾਹਮਣੇ ਆਇਆ ਹੈ ਕਿ ਇਨ੍ਹਾਂ ਸਾਰਿਆਂ ਦੀ ਮੌਤ ਠੰਢ ਕਾਰਨ ਹੋਈ ਹੈ। ਆਰਸੀਐਮਪੀ ਦਾ ਮੰਨਣਾ ਹੈ ਕਿ ਇਹ ਚਾਰੇ ਵੀ ਉਸ ਗਰੁੱਪ ਦਾ ਹੀ ਹਿੱਸਾ ਹੋਣਗੇ ਜਿਸ ਨੂੰ ਅਮਰੀਕਾ ਵਾਲੇ ਪਾਸੇ ਫੜ੍ਹਿਆ ਗਿਆ। ਮੈਕਲੈਚੀ ਨੇ ਆਖਿਆ ਕਿ ਆਰਸੀਐਮਪੀ ਦੇ ਜਾਂਚਕਾਰ ਯੂਐਸ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਅਤੇ ਯੂਐਸ ਡਿਪਾਰਟਮੈਂਟ ਆਫ ਹੋਮਲੈਂਡ ਸਕਿਊਰਿਟੀ ਨਾਲ ਰਲ ਕੇ ਕੰਮ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਮਾਰੇ ਗਏ ਚਾਰਾਂ ਵਿਅਕਤੀਆਂ ਦੇ ਨਾਂ, ਉਮਰ, ਨਾਗਰਿਕਤਾ ਆਦਿ ਦਾ ਪਤਾ ਲਾਉਣ ਵਿੱਚ ਅਜੇ ਸਮਾਂ ਲੱਗੇਗਾ। ਇਸ ਸਬੰਧ ਵਿੱਚ ਪੋਸਟਮਾਰਟਮ ਦੀ ਰਿਪੋਰਟ ਤੋਂ ਬਾਅਦ ਹੀ ਕੁੱਝ ਆਖਿਆ ਜਾ ਸਕਦਾ ਹੈ।




## ਸਾਰਿਆਂ ਲਈ ਵਾਧੂ ਡੋਜ਼ਾਂ ਹੋਣ ਦੇ ਬਾਵਜੂਦ ਹੁਣ ਤੱਕ 35 ਫੀਸਦੀ ਕੈਨੇਡੀਅਨਜ਼ ਨੂੰ ਹੀ ਲੱਗੀ ਹੈ ਬੂਸਟਰ ਡੋਜ਼

ਓਟਵਾ-ਫੈਡਰਲ ਸਿਹਤ ਮੰਤਰੀ ਅਨੁਸਾਰ ਕੈਨੇਡਾ ਕੋਲ ਸਾਰੇ ਯੋਗ ਕੈਨੇਡੀਅਨਜ਼ ਨੂੰ ਕੋਵਿਡ-19 ਵੈਕਸੀਨ ਦੀ ਬੂਸਟਰ ਡੋਜ਼ ਦੇਣ ਲਈ ਕਾਫੀ ਸਪਲਾਈ ਹੈ ਪਰ ਫਿਰ ਵੀ ਅਜੇ ਤੱਕ ਸਿਰਫ 35 ਫੀ ਸਦੀ ਕੈਨੇਡੀਅਨਜ਼ ਨੂੰ ਹੀ ਤੀਜੀ ਡੋਜ਼ ਲੱਗੀ ਹੈ। ਜੀਨ ਯਵੇਸ ਡਕਲਸ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਮੌਜੂਦਗੀ ਵਿੱਚ ਫੈਡਰਲ ਸਰਕਾਰ ਦੀ ਕੋਵਿਡ-19 ਬਾਰੇ ਅਪਡੇਟ ਦਿੰਦਿਆਂ ਆਖਿਆ ਕਿ ਸਾਨੂੰ ਸਾਰੇ ਕੈਨੇਡੀਅਨਜ਼ ਦੀ ਵੈਕਸੀਨੇਸ਼ਨ ਲਈ ਯਤਨ ਹੋਰ ਤੇਜ਼ ਕਰਨੇ ਹੋਣਗੇ। ਜਿਕਰਯੋਗ ਹੈ ਕਿ ਹੈਲਥ ਕੈਨੇਡਾ ਵੱਲੋਂ 18 ਸਾਲ ਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਲਈ ਫਾਈਜ਼ਰ-ਬਾਇਓਐਨਟੈਕ ਤੇ ਮੋਡਰਨਾ ਐਮਆਰਐਨਏ ਵੈਕਸੀਨਜ਼ ਦੀਆਂ ਬੂਸਟਰ ਡੋਜ਼ਾਂ ਲਵਾਉਣ ਦੀ ਸਿਫਾਰਿਸ਼ ਕੀਤੀ ਗਈ ਸੀ। ਇਹ ਬੂਸਟਰ ਡੋਜ਼ ਮੁੱਢਲੇ ਵੈਕਸੀਨ ਕੋਰਸ ਤੋਂ ਛੇ ਮਹੀਨੇ ਬਾਅਦ ਦੇਣ ਦੀ ਸਲਾਹ ਵੀ ਦਿੱਤੀ ਗਈ ਸੀ। ਪਹਿਲ ਦੇ ਆਧਾਰ ਉੱਤੇ ਇਹ ਬੂਸਟਰ ਡੋਜ਼ਾਂ ਕਿਸ ਨੂੰ ਦਿੱਤੀਆਂ ਜਾਣੀਆਂ ਹਨ ਇਸ ਦਾ ਫੈਸਲਾ ਪ੍ਰੋਵਿੰਸਾਂ ਤੇ ਟੈਰੇਟਰੀਜ਼ ਉੱਤੇ ਛੱਡਿਆ ਗਿਆ ਸੀ। ਪ੍ਰੈੱਸ ਕਾਨਫਰੰਸ ਦੌਰਾਨ ਪ੍ਰਧਾਨ ਮੰਤਰੀ ਨੇ ਵੀ ਪੰਜ ਤੋਂ 12 ਸਾਲ ਦੇ ਬੱਚਿਆਂ ਨੂੰ ਕੋਵਿਡ 19 ਵੈਕਸੀਨ ਲਾਉਣ ਦੀ ਮੱਠੀ ਰਫਤਾਰ ਦਾ ਨੋਟਿਸ ਲਿਆ। ਸਰਕਾਰ ਅਨੁਸਾਰ ਇਸ ਉਮਰ ਵਰਗ ਦੇ 48 ਫੀ ਸਦੀ ਬੱਚਿਆਂ ਨੂੰ ਘੱਟੋ ਘੱਟ ਪਹਿਲੀ ਡੋਜ਼ ਲੱਗ ਚੁੱਕੀ ਹੈ ਉਨ੍ਹਾਂ ਆਖਿਆ ਕਿ ਸਾਨੂੰ ਸਥਿਤੀ ਦਾ ਉਦੋਂ ਬਿਹਤਰ ਪਤਾ ਲੱਗੇਗਾ ਜਦੋਂ ਬੱਚੇ ਸਕੂਲ ਪਰਤਣਗੇ ਤੇ ਮਾਪੇ ਉਨ੍ਹਾਂ ਦੀ ਸਿਹਤ ਨੂੰ ਲੈ ਕੇ ਫਿਕਰਮੰਦ ਹੋਣਗੇ। ਨਤੀਜਤਨ ਉਹ ਆਪਣੇ ਬੱਚਿਆਂ ਨੂੰ ਵੈਕਸੀਨੇਟ ਕਰਵਾਉਣਗੇ। ਉਨ੍ਹਾਂ ਅੱਗੇ ਆਖਿਆ ਕਿ ਪੰਜ ਤੋਂ 12 ਸਾਲ ਦੇ ਬੱਚਿਆਂ ਦੀ ਵੈਕਸੀਨੇਸ਼ਨ ਦੀ ਦਰ ਕੈਨੇਡਾ ਵਿੱਚ ਐਨੀ ਘੱਟ ਹੈ ਕਿ ਨਾ ਸਿਰਫ ਬੱਚੇ ਹੀ ਕਮਜ਼ੋਰ ਹਨ ਸਗੋਂ ਸਮਾਜ ਨੂੰ ਵੀ ਖਤਰਾ ਹੈ। ਉਨ੍ਹਾਂ ਅੰਦਾਜ਼ਨ 65 ਮਿਲੀਅਨ ਉਨ੍ਹਾਂ ਕੈਨੇਡੀਅਨਜ਼ ਨੂੰ ਵੈਕਸੀਨੇਸ਼ਨ ਕਰਵਾਉਣ ਦੀ ਅਪੀਲ ਕੀਤੀ ਜਿਨ੍ਹਾਂ ਨੇ ਅਜੇ ਤੱਕ ਵੈਕਸੀਨੇਸ਼ਨ ਨਹੀਂ ਕਰਵਾਈ। ਉਨ੍ਹਾਂ ਆਖਿਆ ਕਿ ਨਾਂਹ ਨਾਲੋਂ ਦੇਰ ਭਲੀ।



# ਬਰਗਾੜੀ ਦਾ ਬੇਅਦਬੀ ਕਾਂਡ : ਜਾਂਚ ਕਮਿਸ਼ਨ ਦੇ ਮੁਖੀ ਜਸਟਿਸ ਰਣਜੀਤ ਸਿੰਘ ਵੱਲੋਂ ਖੁਲਾਸੇ ਕਰਦੀ ਕਿਤਾਬ ਜਾਰੀ



ਚੰਡੀਗੜ੍ਹ-ਅਕਾਲੀ-ਭਾਜਪਾ ਦੀ ਸਰਕਾਰ ਦੌਰਾਨ ਸਾਲ 2015 ਵਿੱਚਬਰਗਾੜੀ ਵਿਖੇ ਹੋਈਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਕਰਨ ਲਈ ਕਾਂਗਰਸ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੱਲੋਂ ਬਣਾਏ ਗਏ ਕਮਿਸ਼ਨ ਦੇ ਮੁਖੀ ਰਿਟਾਇਰਡ ਜੱਜ ਜਸਟਿਸ ਰਣਜੀਤ ਸਿੰਘ ਨੇ ਅੱਜ ਬੁੱਧਵਾਰ ਨੂੰ ਆਪਣੀ ਕਿਤਾਬ ਰਿਲੀਜ਼ ਕੀਤੀ ਹੈ। ਉਨ੍ਹਾਂ ਨੇ ਦਾਅਵਾ ਕੀਤਾ ਕਿ ਓਦੋਂ ਹੋਈਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਲਈ ਡੇਰਾ ਸੱਚਾ ਸੌਦਾ ਸਿਰਸਾ ਦੇ ਪ੍ਰੇਮੀ ਜ਼ਿਲ੍ਹੇਵਾਰ ਸਨ ਅਤੇ ਇਸ ਪਿੱਛੋਂ ਵਾਪਰੇ ਕੋਟਕਪੂਰਾ ਗੋਲੀਕਾਂਡ ਲਈ ਉਸ ਵਕਤ ਦੇ ਪੰਜਾਬ ਪੁਲਸ ਦੇ ਮੁਖੀ (ਡੀਜੀਪੀ) ਸੁਮੇਧ ਸਿੰਘ ਸੈਣੀ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਜ਼ਿਲ੍ਹੇਵਾਰ ਸਨ। ਜਸਟਿਸ ਰਣਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਵੱਲੋਂ ਕੀਤੀ ਗਈ ਜਾਂਚ ਦੌਰਾਨ ਕਈ ਅਜਿਹੇ ਤੱਥ ਸਾਹਮਣੇ ਆਏ ਸਨ, ਜਿਨ੍ਹਾਂ ਨੂੰ ਉਨ੍ਹਾਂ ਨੇ ਆਪਣੀ ਕਿਤਾਬ ਵਿੱਚ ਵੀ ਸ਼ਾਮਲ ਕੀਤਾ ਹੈ। ਇਸ ਸੰਬੰਧ ਵਿੱਚ ਜਸਟਿਸ ਰਣਜੀਤ ਸਿੰਘ ਨੇ ਕਿਹਾ ਕਿ ਚੋਣਾਂ ਤੋਂ ਪਹਿਲਾਂ ਇਹ ਕਿਤਾਬ ਜਾਰੀ ਕਰਨ ਦਾ ਉਨ੍ਹਾਂ ਦਾ ਮਕਸਦ ਕਿਸੇ ਸਿਆਸੀ ਪਾਰਟੀ ਨੂੰ ਲਾਭ ਜਾਂ ਨੁਕਸਾਨ ਪੁਚਾਉਣਾ ਨਹੀਂ, ਤਕਨੀਕੀ ਕਾਰਨਾਂ ਕਰ ਕੇ ਇਸ ਨੂੰ ਦੇਰ ਹੋ ਗਈ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਰਿਪੋਰਟ ਵਿੱਚ ਕਈ ਤੱਥ ਸਨ, ਪਰ ਵਿਧਾਨ ਸਭਾ ਵਿੱਚ ਇਨ੍ਹਾਂ ਉੱਤੇ ਸਹੀ ਬਹਿਸ ਨਹੀਂ ਹੋ ਸਕੀ। ਜਸਟਿਸ ਰਣਜੀਤ ਸਿੰਘ ਨੇ ਇਹ ਵੀ ਕਿਹਾ ਕਿ ਉਹ ਤੱਥ ਲੋਕਾਂ ਅੱਗੇਰੱਖਣਾ ਚਾਹੁੰਦੇ ਹਨ, ਇਸੇ ਲਈ ਉਨ੍ਹਾਂ ਨੇ ਇਹ ਕਿਤਾਬ ਬਣਾਈ ਹੈ। ਕਿਤਾਬ ਜਾਰੀ ਕਰਨ ਮੌਕੇ ਹੋਰਨਾਂ ਤੋਂ ਬਿਨਾ ਉਨ੍ਹਾਂ ਨਾਲ ਜਸਟਿਸ ਐੱਸਐੱਸ ਸੋਢੀ, ਜਸਟਿਸ ਐੱਚਐੱਸ ਬੇਦੀ, ਜਸਟਿਸ ਐੱਮਐੱਸ ਲਿਬਰੇਹਾਨ ਅਤੇ ਜਸਟਿਸ ਨਵਾਬ ਸਿੰਘ ਵੀ ਮੌਜੂਦ ਸਨ। ਜਸਟਿਸ ਰਣਜੀਤ ਸਿੰਘ ਨੇ ਕਿਹਾ ਕਿ ਬੇਅਦਬੀ ਦੀਆਂ ਘਟਨਾਵਾਂ ਜ਼ਿਲ੍ਹਾ ਫਰੀਦਕੋਟ ਵਿੱਚ ਸਾਲ 2015 ਵਿੱਚ ਵਾਪਰੀਆਂ ਸਨ, ਜਿਨ੍ਹਾਂਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੇ ਪਾਵਨ ਅੰਗਪਾੜਨਾ ਤੇ ਖਿਲਾਰਨਾ ਸ਼ਾਮਲ ਸੀ। ਉਨ੍ਹਾਂ ਕਿਹਾ ਕਿ ਾਦੋਂ ਪੰਜਾਬ ਦੀ ਸ਼ਾਂਤੀ ਲਈ ਖ਼ਤਰਾ ਪੈਦਾ ਕਰਨ ਵਾਲੇ ਪੋਸਟਰ ਵੀ ਲੱਗੇ ਸਨ। ਉਨ੍ਹਾ ਨੇ ਮਹਿਸੂਸ ਕੀਤਾ ਕਿ ਕਈ ਜਾਂਚ ਟੀਮਾਂ (ਐੱਸਆਈਟੀਜ਼) ਅਤੇ ਦੋ ਜਾਂਚ ਕਮਿਸ਼ਨਾਂ ਵੱਲੋਂ ਜਾਂਚ ਦੇ ਬਾਵਜੂਦ ਜੁਰਮ ਦੇ ਅਸਲ ਦੋਸ਼ੀਨਿਆਂ ਦੇ ਕਟਹਿਰੇ ਵਿੱਚ ਲਿਆ ਕੇ ਪੇਸ਼ ਕਰਨ ਲਈ ਲੋੜੀਂਦਾ ਕੰਮ ਨਾ ਕਰਨ ਲਈ ਲੋਕਾਂਵਿੱਚ ਵੱਡੇ ਪੱਧਰ ਉੱਤੇ ਗੁੱਸਾ ਹੈ। ਵਰਨਣ ਯੋਗ ਹੈ ਕਿ ਜਸਟਿਸ ਰਣਜੀਤ ਸਿੰਘ ਦੀ ਅਗਵਾਈ ਵਾਲੇ ਇੱਕ ਮੈਂਬਰੀ ਕਮਿਸ਼ਨ ਨੂੰ ਬੇਅਦਬੀ ਕਾਂਡ ਦੇ ਕਰੀਬ 160 ਕੇਸਾਂ ਦੀ ਜਾਂਚ ਲਈ ਕਿਹਾ ਗਿਆ ਸੀਅਤੇ ਕਮਿਸ਼ਨ ਨੇ ਲਗਭਗ 12 ਮਹੀਨਿਆਂ ਦੇ ਰਿਕਾਰਡ ਸਮੇਂ ਵਿੱਚ ਇਨ੍ਹਾਂ ਕੇਸਾਂ ਦੀ ਜਾਂਚ ਕਰ ਕੇ ਚਾਰ ਹਿੱਸਿਆਂ ਵਿੱਚ 544 ਪੰਨਿਆਂ ਦੀ ਰਿਪੋਰਟ ਪੇਸ਼ ਕੀਤੀ ਸੀ। ਕਿਤਾਬ ਨੂੰ ਜਾਰੀ ਕਰਨ ਮੌਕੇ ਜਸਟਿਸ ਰਣਜੀਤ ਸਿੰਘ ਨੇ ਕਿਹਾ ਕਿ ਕਮਿਸ਼ਨ ਦੀ ਰਿਪੋਰਟ ਉੱਤੇ ਪੰਜਾਬ ਅਸੈਂਬਲੀ ਵਿੱਚ ਬਹਿਸ ਹੋਈ ਤੇ ਸਦਨ ਨੇ ਇਸ ਨੂੰ ਸਰਬਸੰਮਤੀ ਨਾਲ ਮੰਨ ਲਿਆ, ਪਰ ਇਹ ਲੋਕਾਂਵਿੱਚ ਨਹੀਂਆਈ। ਕਿਤਾਬ ਵਿੱਚ ਉਨ੍ਹਾਂ ਨੇ ਵੱਖ-ਵੱਖ ਤੱਥ ਤੇ ਸੱਚਜਨਤਾ ਸਾਹਮਣੇ ਰੱਖਣ ਦਾ ਯਤਨ ਕੀਤਾ ਹੈ, ਜਿਨ੍ਹਾਂ ਕਾਰਨ ਬੇਅਦਬੀ ਦੀਆਂ ਘਟਨਾਵਾਂ ਨੇ ਸਿੱਖਾਂ ਤੇ ਦੇਸ਼ ਦੀਆਂ ਭਾਵਨਾਵਾਂ ਨੂੰ ਠੇਸ ਲਾਉਣ ਵਾਲੇ ਗਹਿਰੇ ਦਾਗ ਛੱਡੇ ਹਨ ਉਨ੍ਹਾਂ ਨੇ ਕਿਹਾ ਕਿ ਬਦਕਿਸਮਤੀ ਨਾਲ ਰੋਸ ਪ੍ਰਦਰਸ਼ਨ ਕਰਦੇਬੇਗੁਨਾਹ ਲੋਕਾਂ ਉੱਤੇ ਪੁਲਿਸ ਗੋਲੀਨਾਲਵੀ ਕਈ ਮਨੁੱਖੀ ਜਾਨਾਂ ਦਾ ਨੁਕਸਾਨ ਹੋਇਆ ਸੀ। ਇਸ ਮੌਕੇ ਜਸਟਿਸ ਐੱਸ ਐੱਸ ਸੋਢੀ ਨੇ ਕਿਹਾ ਕਿ ਬੇਅਦਬੀ ਦੇ ਇਨ੍ਹਾਂ ਕੇਸਾਂ ਦੀ ਜਾਂਚ ਕਈ ਐੱਸ ਆਈਟੀਜ਼ ਵੱਲੋਂ ਕੀਤੀ ਗਈ, ਪਰ ਬਹੁਤ ਘੱਟ ਸਫਲਤਾ ਮਿਲੀ, ਜਿਸ ਕਾਰਨ ਲੋਕ ਅਜੇ ਵੀ ਇਨਸਾਫ਼ ਮੰਗਦੇ ਹਨ। ਉਨ੍ਹਾਂ ਕਿਹਾ ਕਿ ਜਸਟਿਸ ਰਣਜੀਤ ਸਿੰਘ ਦੀ ਅਗਵਾਈ ਵਾਲੇ ਕਮਿਸ਼ਨ ਨੇ ਬਿਨਾਂ ਕਿਸੇ ਪੱਖਪਾਤ ਦੇ ਬੇਅਦਬੀ ਕੇਸਾਂ ਦੀ ਜਾਂਚ ਕੀਤੀ ਹੈ। ਇਹ ਕਿਤਾਬ ਹੈਰਾਨ ਕਰਨ ਵਾਲੇ ਖੁਲਾਸੇ ਨਾਲ ਅੱਖਾਂ ਖੋਲ੍ਹਣ ਵਾਲੀ ਹੈ ਤੇ ਬੇਅਦਬੀ ਦੀਆਂ ਘਟਨਾਵਾਂ ਦੇ ਦੁਖਾਂਤ ਨੂੰ ਪੇਸ਼ ਕਰਦੀ ਸਪੱਸ਼ਟ ਅਤੇ ਸਰਲ ਭਾਸ਼ਾ ਵਿੱਚ ਲਿਖੀ ਗਈ ਹੈ।

## ਪੁਲਸ ਦੀਆਂ ਜਾਅਲੀ ਤਰੱਕੀਆਂ ਦੋ ਸੁਪਰਡੈਂਟਾਂ ਅਤੇ ਇੱਕ ਇੰਸਪੈਕਟਰ ਸਮੇਤ ਪੰਜ ਗ੍ਰਿਫ਼ਤਾਰ

ਚੰਡੀਗੜ੍ਹ-ਪੰਜਾਬ ਪੁਲਸਦੇ ਸਾਬਕਾ ਮੁਖੀ (ਡੀ ਜੀ ਪੀ) ਸਿਧਾਰਥ ਚਟੋਪਾਧਿਆਏ ਦੇ ਜਾਅਲੀ ਦਸਤਖ਼ਤ ਨਾਲ ਤਰੱਕੀਆਂ ਦੇ ਕੇਸ ਵਿੱਚ ਚੰਡੀਗੜ੍ਹ ਪੁਲਸ ਨੇ ਪੰਜ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਵਿੱਚ ਦੋ ਸੁਪਰਡੈਂਟ ਤੇ ਇੱਕ ਪੁਲਸ ਇੰਸਪੈਕਟਰ ਸ਼ਾਮਲ ਹਨ। ਮਿਲੀ ਜਾਣਕਾਰੀ ਅਨੁਸਾਰ ਪੰਜਾਬ ਪੁਲਸ ਹੈਡਕੁਆਰਟਰ ਵੱਲੋਂ ਚੰਡੀਗੜ੍ਹ ਪੁਲਸ ਨੂੰ ਸ਼ਿਕਾਇਤ ਦਿੱਤੀ ਗਈ ਸੀ ਕਿ ਪਿਛਲੇ ਡੀ ਜੀ ਪੀ ਸਿਧਾਰਥ ਚਟੋਪਾਧਿਆਏ ਦੇ ਜਾਅਲੀ ਦਸਤਖ਼ਤ ਕਰਕੇ ਕੁਝ ਪੁਲਸ ਵਾਲਿਆਂ ਦੀਆਂ ਤਰੱਕੀਆਂ ਕੀਤੀਆਂ ਗਈਆਂ ਹਨ। ਚੰਡੀਗੜ੍ਹ ਪੁਲਸ ਨੇ ਸ਼ਿਕਾਇਤ ਉੱਤੇਥਾਣਾ ਸੈਕਟਰ ਤਿੰਨ ਵਿੱਚਕੇਸ ਦਰਜ ਕੀਤਾ ਤੇ ਇਸ ਦੀ ਜਾਂਚ ਲਈ ਵਿਸ਼ੇਸ਼ ਟੀਮ ਬਣਾਈ, ਜਿਸ ਵਿੱਚ ਚੰਡੀਗੜ੍ਹ ਪੁਲਸ ਦੇ ਐਸ ਪੀ ਕੇਤਨ ਬਾਂਸਲ ਤੇ ਡੀ ਐਸ ਪੀ ਚਰਨਜੀਤ ਸਿੰਘ ਵਿਰਕ ਸ਼ਾਮਲ ਸਨ। ਜਾਂਚ ਵਿੱਚ ਪੰਜਾਬ ਪੁਲਸ ਹੈਡਕੁਅਰਾਟਰ ਵਿੱਚੋਂ ਜੀ ਪੀ ਫ਼ੰਡ ਬਰਾਂਚ ਦੇ ਸੁਪਰਡੈਂਟ ਸੰਦੀਪ ਕੁਮਾਰ (55), ਸੁਪਰਡੈਂਟ ਈ-1 ਬਰਾਂਚ ਬਹਾਦਰ ਸਿੰਘ (52), ਹੈੱਡ ਕਾਂਸਟੇਬਲ ਮਨੀ ਕਟੋਚ (33), ਪੰਜਾਬ ਪੁਲਸ ਤੋਂ ਬਰਖ਼ਾਸਤ ਐਸ ਆਈ ਸਰਬਜੀਤ ਸਿੰਘ (47) ਅਤੇ ਇੰਸਪੈਕਟਰ ਸਾਈਬਰ ਸੈਲ ਸਤਵੰਤ ਸਿੰਘ (48) ਦਾ ਨਾਂਅ ਸਾਹਮਣੇ ਆਇਆ ਸੀ। ਪੁਲਸ ਨੇ ਇਨ੍ਹਾਂਕੋਲੋਂ ਜਾਅਲੀ ਆਰਡਰ, ਸੰਦੀਪ ਕੁਮਾਰ ਦਾ ਲੈਪਟਾਪ, ਸੀ ਪੀ ਯੂ, ਮੋਬਾਈਲ ਫ਼ੋਨ, ਡਿਸਪੈਚ ਰਜਿਸਟਰ ਤੇ ਕਾਰ ਬਰਾਮਦ ਕੀਤੀ ਹੈ। ਜਾਂਚ ਵਿੱਚਪਤਾ ਲੱਗਾ ਕਿ ਸਤਵੰਤ ਸਿੰਘ ਤੇ ਸਰਬਜੀਤ ਸਿੰਘ ਨੇ ਖ਼ੁਦ ਨੂੰ ਡੀ ਜੀ ਪੀ ਦਾ ਕਰੀਬੀ ਦੱਸ ਕੇ ਅਫਸਰਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਉਨ੍ਹਾਂ ਨੂੰ ਤਰੱਕੀ ਵਾਸਤੇ ਡੀ ਜੀ ਪੀ ਦਫ਼ਤਰ ਤੋਂ ਆਰਡਰ ਕਰਵਾ ਸਕਦੇ ਹਨ। ਸੁਪਰਡੈਂਟ ਸੰਦੀਪ ਕੁਮਾਰ ਨੇ ਆਪਣੇ ਲੈਪਟਾਪ ਉੱਤੇ ਜਾਅਲੀ ਆਰਡਰ ਬਣਾਇਆ, ਜਿਸ ਨੂੰ ਹੈਡ ਕਾਂਸਟੇਬਲ ਮਨੀ ਕਟੋਚ ਨੇ ਟਾਈਪ ਕੀਤਾ। ਸੰਦੀਪ ਕੁਮਾਰ ਨੇ ਇਸ ਦੀ ਕਾਪੀ ਇੰਸਪੈਕਟਰ ਸਤਵੰਤ ਸਿੰਘ ਨੂੰ ਦਿੱਤੀ, ਜਿਸ ਨੇ ਡੀ ਜੀ ਪੀ ਦੇ ਜਾਅਲੀ ਦਸਤਖ਼ਤ ਕਰਵਾਏ ਅਤੇ ਸੰਦੀਪ ਕੁਮਾਰ ਅਤੇ ਈ-1 ਬਰਾਂਚ ਦੇ ਸੁਪਰੀਡੈਂਟ ਬਹਾਦਰ ਸਿੰਘ ਦੀ ਮਦਦ ਨਾਲ ਪੰਜਾਬ ਪੁਲਸ ਡਿਸਪੈਚ ਰਜਿਸਟਰ ਵਿੱਚ ਤਰੱਕੀਆਂ ਦੀ ਐਂਟਰੀ ਕਰ ਕੇ ਅੱਗੇ ਵੰਡ ਦਿੱਤਾ। ਇਸ ਕੇਸ ਦੀ ਜਾਂਚ ਅਜੇ ਜਾਰੀ ਹੈ ਤੇ ਕੇਸ ਨਾਲ ਜੁੜੇ ਹੋਰ ਤੱਥ ਸਾਹਮਣੇ ਆ ਸਕਦੇ ਹਨ।


ROHITA PANNU
LAW CORPORATION
BARRISTER & SOLICITOR




SERVICES
- ALL NOTARY PUBLIC
- WILLS & ESTATE
- RESIDENTIAL & COMMERCIAL
- REAL ESTATE BUYING & SELLING
- MORTGAGES
- DIVORCE/ FAMILY LAW

- ਨੋਟਰੀ ਸੇਵਾਵਾਂ
- ਵਸੀਅਤਨਾਮਾ
- ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ
- ਹਲਫੀਆ ਬਿਆਨ
- ਘਰਾਂ ਦੀ ਖਰੀਦੋ- ਫਰੋਖਤ
- ਮੋਰਟਗੇਜ਼
- ਤਲਾਕ (ਫੈਮਲੀ-ਲਾਅ)

Ph: 604.589.1399
Fax : 604.589.1556 www.rohitapannulaw.com
2 Locations to Serve You
# 102-9278, 120th Street, Surrey, BC V3V 4W8
6303 Fraser Street, Vancouver BC




# ਸ਼ੂਗਰ ਦੌਰਾਨ ਇਲਾਜ ਨਾਲੋਂ ਪ੍ਰਹੇਜ਼ ਚੰਗਾ



**ਡਾ: ਅੰਜੂਲਾ ਵਰਮਾ**

ਜਦੋਂ ਖ਼ੂਨ ਅੰਦਰ ਗਲੂਕੋਜ ਦੀ ਮਾਤਰਾ ਵਧ ਜਾਂਦੀ ਹੈ ਤਾਂ ਉਸ ਨੂੰ ਸ਼ੂਗਰ ਜਾਂ ਸ਼ੱਕਰ ਰੋਗ ਕਿਹਾ ਜਾਂਦਾ ਹੈ। ਇਨਸੁਲਿਨ ਹਾਰਮੋਨ ਜੋ ਕਿ ਪੈਨਕ੍ਰਿਆਸ ਦੁਆਰਾ ਪੈਦਾ ਕੀਤਾ ਜਾਂਦਾ ਹੈ ਉਸ ਦੀ ਘਾਟ ਜਾਂ ਅਸੰਤੁਲਿਨ ਹੀ ਸ਼ੂਗਰ ਦਾ ਮੁੱਖ ਕਾਰਨ ਬਣਦਾ ਹੈ ਕਿਉਂਕਿ ਇਨਸੁਲਿਨ ਹਾਰਮੋਨ ਹੀ ਖ਼ੂਨ ਵਿਚਲੀ ਸ਼ੂਗਰ ਨੂੰ ਕੰਟਰੋਲ ਕਰਦਾ ਹੈ।

## ਸ਼ੂਗਰ ਦੀਆਂ ਕਿਸਮਾਂ

ਟਾਇਪ ਇੱਕ ਡਾਇਬਿਟੀਜ਼ ਮੈਲਾਇਟਸ ਨੂੰ ਇਨਸੁਲਿਨ ਡਿਪੈਂਡੈਂਟ ਸ਼ੂਗਰ ਵੀ ਕਿਹਾ ਜਾਂਦਾ ਹੈ ਇਸ ਕਿਸਮ ਦੀ ਸ਼ੂਗਰ ਪੰਜ ਤੋਂ ਦਸ ਪ੍ਰਤੀਸ਼ਤ ਲੋਕਾਂ ਨੂੰ ਹੁੰਦੀ ਹੈ ।ਅਜਿਹੇ ਮਰੀਜ਼ਾਂ ਨੂੰ ਰੋਜ਼ਾਨਾ ਇੰਸੁਲਿਨ ਟੀਕਿਆਂ ਦੇ ਰੂਪ ਵਿੱਚ ਲੈਣੀ ਪੈਂਦੀ ਹੈ ਇਹ ਕਿਸਮ ਆਮ ਤੌਰ ਤੇ ਬੱਚਿਆਂ ਵਿੱਚ ਜਾਂ ਕੁਝ ਹਦ ਤਕ ਨੌਜਵਾਨਾਂ ਵਿੱਚ ਵੀ ਪਾਈ ਜਾਂਦੀ ਹੈ ਇਹ ਤੇਜ਼ੀ ਨਾਲ ਹੁੰਦੀ ਹੈ ਪਤਲੇ ਜਾਂ ਸਹੀ ਵਜ਼ਨ ਵਾਲੇ ਲੋਕ ਇਸ ਦਾ ਸ਼ਿਕਾਰ ਜਿਆਦਾ ਹੁੰਦੇ ਹਨ । ਇਸ ਤਰ੍ਹਾਂ ਦੀ ਸ਼ੂਗਰ ਵਿੱਚ ਸਰੀਰ ਅੰਦਰ ਇਨਸੂਲਿਨ ਪੈਦਾ ਤਾਂ ਹੁੰਦੀ ਹੈ ਪਰ ਉਨੀ ਮਾਤਰਾ ਵਿੱਚ ਨਹੀਂ ਜਿਹੜੀ ਖ਼ੂਨ ਵਿਚਲੇ ਸ਼ੂਗਰ ਨੂੰ ਕੰਟਰੋਲ ਕਰ ਸਕੇ ।ਨੱਬੇ ਤੋਂ ਪਚਾਨਵੇਂ ਪ੍ਰਤੀਸ਼ਤ ਲੋਕ ਟਾਈਪ ਟੂ ਡਾਇਬਿਟੀਜ਼ ਮੈਲਾਈਟਸ ਦਾ ਸ਼ਿਕਾਰ ਹੁੰਦੇ ਹਨ ਇਸ ਪ੍ਰਕਾਰ ਦੀ ਸ਼ੂਗਰ ਆਮ ਤੌਰ ਤੇ ਚਾਲੀ ਸਾਲ ਤੋਂ ਵੱਡੀ ਉਮਰ ਦੇ ਲੋਕਾਂ ਵਿਚ ਪਾਈ ਜਾਂਦੀ ਹੈ ।ਇਸ ਤਰ੍ਹਾਂ ਦੀ ਸ਼ੂਗਰ ਦੇ ਮਰੀਜ਼ਾਂ ਵਿੱਚ ਅਲਾਮਤਾਂ ਹੌਲੀ ਹੌਲੀ ਉਜਾਗਰ ਹੁੰਦੀਆਂ ਹਨ ਇਸੇ ਕਰਕੇ ਸ਼ੂਗਰ ਨੂੰ ਸਾਈਲੈਂਟ ਕਿੱਲਰ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ।

## ਗਰਭ ਅਵਸਥਾ ਦੀ ਸ਼ੂਗਰ

ਕੁਝ ਔਰਤਾਂ ਵਿੱਚ ਗਰਭ ਅਵਸਥਾ ਦੌਰਾਨ ਬਲੱਡ ਗੁਲੂਕੋਜ਼ ਲੈਵਲ ਦਾ ਵਾਧਾ ਹੋ ਜਾਂਦਾ ਹੈ ਇਸ ਨੂੰ ਗਰਭ ਅਵਸਥਾ ਦੀ ਸ਼ੂਗਰ ਕਿਹਾ ਜਾਂਦਾ ਹੈ ਪਰ ਬੱਚਾ ਹੋਣ ਤੋਂ ਬਾਅਦ ਸ਼ੂਗਰ ਆਪਣੇ ਆਪ ਠੀਕ ਹੋ ਜਾਂਦੀ ਹੈ ਪਰ ਫਿਰ ਵੀ ਸ਼ੂਗਰ ਹੋਣ ਦਾ ਖਤਰਾ ਸਿਰ ਉੱਤੇ ਮੰਡਰਾਉਂਦਾ ਰਹਿੰਦਾ ਹੈ ।

## ਸ਼ੂਗਰ ਦੇ ਕਾਰਨ

ਜੱਦੀ ਪੁਸ਼ਤੀ, ਮੋਟਾਪਾ, ਮਾਨਸਿਕ ਤਣਾਅ, ਕਸਰਤ ਦੀ ਘਾਟ, ਕਾਰਬੋਹਾਈਡ੍ਰੇਟ ਯੁਕਤ ਭੋਜਨ ਅਤੇ ਫਾਸਟ ਫੂਡ ਦਾ ਜ਼ਿਆਦਾ ਇਸਤੇਮਾਲ, ਸ਼ਰਾਬ ਅਤੇ ਹੋਰ ਨਸ਼ੇ।

## ਸ਼ੂਗਰ ਦੇ ਲੱਛਣ

ਜਿਵੇਂ ਕਿ ਪਹਿਲਾਂ ਤੋਂ ਸੁਣਦੇ ਅਤੇ ਪੜ੍ਹਦੇ ਆ ਰਹੇ ਹਾਂ ਕਿ ਜਦੋਂ ਕਿਸੇ ਨੂੰ ਭੁੱਖ ਵੱਧ ਲੱਗਣ ਲੱਗ ਜਾਵੇ ਪਿਆਸ ਵੱਧ ਲੱਗਣ ਲੱਗ ਜਾਵੇ ਅਤੇ ਪਿਸ਼ਾਬ ਵੱਧ ਆਵੇ ਤਾਂ ਉਸ ਨੂੰ ਸ਼ੂਗਰ ਹੋ ਸਕਦੀ ਹੈ ਪਰ ਅੱਜ ਕੱਲ੍ਹ ਦੇਖਣ ਵਿਚ ਆ ਰਿਹਾ ਹੈ ਕਿ ਬਹੁਤ ਸਾਰੇ ਮਰੀਜ਼ ਜਿਨ੍ਹਾਂ ਨੂੰ ਇਸ ਤਰ੍ਹਾਂ ਦਾ ਕੋਈ ਵੀ ਲੱਛਣ ਨਹੀਂ ਹੁੰਦਾ ਸਿਰਫ ਚੈੱਕ ਕਰਵਾਉਣ ਤੇ ਪਤਾ ਚੱਲਦਾ ਹੈ ਕਿ ਉਹ ਸ਼ੂਗਰ ਦੇ ਮਰੀਜ਼ ਹਨ ਤੇ ਸ਼ੂਗਰ ਵੀ ਉਨ੍ਹਾਂ ਦੀ ਦੋ ਸੌ ਜਾਂ ਤਿੰਨ ਸੌ ਹੁੰਦੀ ਹੈ ਅਜਿਹੇ ਮਰੀਜ਼ਾਂ ਵਿੱਚ ਸ਼ੂਗਰ ਦਾ ਇੱਕ ਵੀ ਲੱਛਣ ਨਹੀਂ ਪਾਇਆ ਜਾਂਦਾ ਜੋ ਕਿ ਬਹੁਤ ਹੀ ਖ਼ਤਰਨਾਕ ਵਰਤਾਰਾ ਹੈ ਤਾਂ ਹੀ ਤਾਂ ਸ਼ੂਗਰ ਨੂੰ ਸਾਈਲੈਂਟ ਕਿੱਲਰ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ । ਕਈ ਵਾਰ ਮਰੀਜ਼ ਆ ਕੇ ਸ਼ਿਕਾਇਤ ਕਰਦਾ ਹੈ ਕਿ ਉਸ ਦੇ ਪਿਸ਼ਾਬ ਵਾਲੀ ਜਗ੍ਹਾ ਖੁਰਕ ਹੁੰਦੀ ਹੈ ਜਾਂ ਕਈ ਹਾਲਤਾਂ ਵਿੱਚ ਮਰੀਜ਼ ਦੇ ਪਿਸ਼ਾਬ ਵਾਲੀ ਜਗ੍ਹਾ ਬਿਆਈਆਂ ਖੁਲ੍ਹਣ ਲੱਗ ਜਾਂਦੀਆਂ ਹਨ ਜੋ ਕਿ ਸ਼ੂਗਰ ਦਾ ਹੀ ਲੱਛਣ ਹੁੰਦਾ ਹੈ ।ਇਸ ਤੋਂ ਇਲਾਵਾ ਕਿਸੇ ਵੀ ਜ਼ਖਮ ਦਾ ਛੇਤੀ ਠੀਕ ਨਾ ਹੋਣਾ ਜਾਂ ਚਮੜੀ ਦਾ ਖੁਸ਼ਕ ਹੋਣਾ ਤੇ ਪਿੰਡੇ ਉੱਤੇ ਫਿਨਸੀਆਂ ਨਿਕਲਣੀਆਂ ਵੀ ਸ਼ੂਗਰ ਦਾ ਲੱਛਣ ਹੋ ਸਕਦਾ ਹੈ ।ਕਈ ਮਰੀਜ਼ਾਂ ਵਿੱਚ ਸ਼ੂਗਰ ਦਾ ਉਦੋਂ ਪਤਾ ਲੱਗਦਾ ਹੈ ਜਦ ਨਿਗ੍ਹਾ ਕਮਜ਼ੋਰ ਹੋ ਜਾਂਦੀ ਹੈ ।ਹੱਥਾਂ ਪੈਰਾਂ ਵਿੱਚ ਸੁੰਨਾਪਣ, ਖੱਲੀਆਂ ਪੈਣੀਆਂ ,ਤਾਣੀਆਂ ਆਉਣੀਆਂ ਜ਼ਿਆਦਾ ਪਸੀਨਾ ਆਉਣਾ ,ਹੱਥਾਂ ਪੈਰਾਂ ਚੋਂ ਸੇਕ ਨਿਕਲਣਾ ਵੀ ਸ਼ੂਗਰ ਦੇ ਲੱਛਣ ਹੁੰਦੇ ਹਨ ।ਸਰੀਰ ਦਾ ਥੱਕਿਆ ਥੱਕਿਆ ਰਹਿਣਾ ਕੰਮ ਕਰਨ ਨੂੰ ਜੀਅ ਨਾ ਕਰਨਾ ਅਤੇ ਵਜ਼ਨ ਦਾ ਲਗਾਤਾਰ ਘਟਦੇ ਜਾਣਾ ਨਿਗ੍ਹਾ ਵਿੱਚ ਧੁੰਦਲਾਪਣ ਸਿਰ ਚਕਰਾਉਣਾ ਇਹ ਸ਼ੂਗਰ ਦੇ ਪੱਕੇ ਲੱਛਣ ਹਨ ।

## ਸ਼ੂਗਰ ਅਤੇ ਪਰਹੇਜ਼


ਸ਼ੂਗਰ ਵਾਲੇ ਮਰੀਜ਼ ਨੂੰ ਜਿੱਥੋਂ ਤੱਕ ਹੋ ਸਕੇ ਮਿੱਠਾ ਬਿਲਕੁਲ ਬੰਦ ਕਰ ਦੇਣਾ ਚਾਹੀਦਾ ਹੈ ਚਾਹੇ ਉਹ ਖੰਡ ਹੋਏ ਜਾਂ ਗੁੜ ਸ਼ੱਕਰ ਇਹ ਧਾਰਨਾ ਬਿਲਕੁਲ ਗਲਤ ਹੈ ਕਿ ਸ਼ੂਗਰ ਵਾਲਾ ਮਰੀਜ਼ ਗੁੜ ਜਾਂ ਸ਼ੱਕਰ ਖਾ ਸਕਦਾ ਹੈ ਇਸ ਤੋਂ ਇਲਾਵਾ ਮਿੱਠੇ ਫਲ ਅਤੇ ਕਣਕ ਵੀ ਬਿਲਕੁਲ ਬੰਦ ਕਰ ਦੇਣੀ ਚਾਹੀਦੀ ਹੈ ਕਿਉਂਕਿ ਕਣਕ, ਚੌਲ ਅਤੇ ਮੱਕੀ ਵਿੱਚ ਵੀ ਸ਼ੂਗਰ ਵੱਧ ਮਾਤਰਾ ਵਿੱਚ ਪਾਈ ਜਾਂਦੀ ਹੈ ਸ਼ੂਗਰ ਦੇ ਮਰੀਜ਼ ਲਈ ਛੋਲੇ ,ਬਾਜਰਾ ,ਜੌਂ, ਜਵਾਰ ,ਕੋਧਰੇ ਦਾ ਰਲਵਾਂ ਆਟਾ ਲਾਹੇਵੰਦ ਹੁੰਦਾ ਹੈ ਮਿੱਠੇ ਫਲ ਸ਼ੂਗਰ ਦੇ ਮਰੀਜ਼ ਲਈ ਬਹੁਤ ਹੀ ਮਾੜੇ ਮੰਨੇ ਗਏ ਹਨ ਸ਼ੂਗਰ ਦਾ ਮਰੀਜ਼ ਸਿਰਫ਼ ਅਮਰੂਦ ,ਜਾਮਣ ਕੀਵੀ ,ਆਲੂ ਬ਼ੁਖਾਰਾ ਜਾਂ ਆੜੂ ਖਾ ਸਕਦਾ ਹੈ ਪਰ ਇਸ ਦਾ ਮਤਲਬ ਇਹ ਨਹੀਂ ਕਿ ਜਾਮਣਾ ਖਾ ਖਾ ਕੇ ਢਿੱਡ ਭਰ ਲਿਆ ਜਾਵੇ ਕਿਉਂਕਿ ਜਾਮਣ ਵੀ ਮਿੱਠੀ ਹੁੰਦੀ ਹੈ ।ਸ਼ਹਿਦ ਗੰਨੇ ਦਾ ਰਸ ਮਠਿਆਈਆਂ ਪੇਸਟ੍ਰੀ ਆਈਸਕ੍ਰੀਮ ਕੇਕ ਬੇਕਰੀ ਬਿਸਕੁਟ ਕਾਸਟਰਡ ਤਲੀਆਂ ਚੀਜ਼ਾਂ ਸਮੋਸਾ ਪੂਰੀ ਪਕੌੜੇ ਕਚੌਰੀ ਪਰਾਂਠੇ ਪਾਪੜ ਆਦਿ ਸਭ ਚੀਜ਼ਾਂ ਖਾਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਇਸ ਤੋਂ ਇਲਾਵਾ ਸੁੱਕੇ ਮੇਵੇ ਦਾਖਾਂ ਖਜੂਰ ਕਾਜੂ ਪਿਸਤਾ ਮੂੰਗਫਲੀ ਕੋਲਡ ਡਰਿੰਕ ਬੋਰਨ ਬੀਟਾ ਡੱਬਾ ਬੰਦ ਵਸਤੂਆਂ ਆਦਿ ਵੀ ਸ਼ੂਗਰ ਦੇ ਮਰੀਜ਼ ਲਈ ਮਾੜੀਆਂ ਮੰਨੀਆਂ ਗਈਆਂ ਹਨ ।ਦੁੱਧ ਵਿੱਚ ਵੀ ਸ਼ੂਗਰ ਜ਼ਿਆਦਾ ਮਾਤਰਾ ਵਿੱਚ ਪਾਈ ਜਾਂਦੀ ਹੈ ਇਸ ਕਰਕੇ ਦੁੱਧ ਦੀ ਥਾਂ ਦਹੀਂ ਅਤੇ ਲੱਸੀ ਪੀਣੀ ਲਾਹੇਵੰਦ ਰਹਿੰਦੀ ਹੈ ਦੁੱਧ ਪੀਣਾ ਹੋਵੇ ਤਾਂ ਮਲਾਈ ਲਾਹ ਕੇ ਪੀਣਾ ਚਾਹੀਦਾ ਹੈ।

## ਸੈਰ ਹੀ ਹੈ ਦਵਾਈ

ਜੇਕਰ ਸੱਚ ਮੰਨਿਆ ਜਾਵੇ ਤਾਂ ਸ਼ੂਗਰ ਦੇ ਮਰੀਜ਼ ਲਈ ਸਭ ਤੋਂ ਵੱਡੀ ਦਵਾਈ ਪਰਹੇਜ਼ ਅਤੇ ਸੈਰ ਹੀ ਹੁੰਦੀ ਹੈ । ਸ਼ੂਗਰ ਦਾ ਮਰੀਜ਼ ਜਿੰਨਾਂ ਵੱਧ ਪ੍ਰਹੇਜ਼ ਕਰੇਗਾ ਉਨਾ ਸ਼ੂਗਰ ਕੰਟਰੋਲ ਵਿੱਚ ਰਹਿੰਦੀ ਹੈ ਅਤੇ ਸ਼ੂਗਰ ਦੇ ਮਰੀਜ਼ ਲਈ ਸੈਰ ਹੀ ਇੱਕੋ ਇੱਕ ਦਵਾਈ ਹੈ ਬਾਕੀ ਦਵਾਈਆਂ ਤਾਂ ਬਾਅਦ ਵਿੱਚ ਹਨ। ਕੀ ਸ਼ੂਗਰ ਨੂੰ ਜੜ੍ਹ ਤੋਂ ਠੀਕ ਕੀਤਾ ਜਾ ਸਕਦਾ ਹੈ ?ਇਹ ਇਕ ਬਹੁਤ ਵੱਡਾ ਸਵਾਲ ਹੈ ਜੋ ਕਿ ਹਰ ਮਰੀਜ਼ ਹਰ ਡਾਕਟਰ ਤੋਂ ਜ਼ਰੂਰ ਪੁੱਛਦਾ ਹੈ ਕਿ ਕੀ ਮੇਰੀ ਸ਼ੂਗਰ ਜੜ ਤੋਂ ਠੀਕ ਹੋ ਸਕਦੀ ਹੈ ਜੇਕਰ ਦੇਖਿਆ ਜਾਵੇ ਤਾਂ ਸ਼ੂਗਰ ਰੋਗ ਨੂੰ ਜੜ੍ਹ ਤੋਂ ਠੀਕ ਕੀਤਾ ਹੀ ਨਹੀਂ ਜਾ ਸਕਦਾ ਭਾਵੇਂ ਉਹ ਕਿਸੇ ਵੀ ਪੈਥੀ ਵਿੱਚ ਹੋਵੇ ।ਬਹੁਤ ਸਾਰੇ ਵੈਦ ਡਾਕਟਰ ਇਹ ਦਾਅਵਾ ਕਰਦੇ ਹਨ ਕਿ ਅਸੀਂ ਸ਼ੂਗਰ ਨੂੰ ਜੜ ਤੋਂ ਠੀਕ ਕਰ ਦਿੰਦੇ ਹਾਂ ਪਰ ਅਸਲੀਅਤ ਤੋਂ ਕੋਹਾਂ ਦੂਰ ਹੈ ਜਦੋਂ ਪੈਨਕਰੀਆਜ਼ ਦੇ ਵਿੱਚੋਂ ਇਨਸੂਲਿਨ ਹਾਰਮੋਨ ਪੈਦਾ ਹੋਣਾ ਹੀ ਹਟ ਜਾਵੇ ਤਾਂ ਉਹ ਬਿਨਾਂ ਦਵਾਈ ਤੋਂ ਠੀਕ ਹੋ ਹੀ ਨਹੀਂ ਸਕਦਾ ਸ਼ੂਗਰ ਨੂੰ ਸਿਰਫ ਤੇ ਸਿਰਫ ਕੰਟਰੋਲ ਕੀਤਾ ਜਾ ਸਕਦਾ ਹੈ ।ਜਿਹੜੇ ਪਰਿਵਾਰਾਂ ਵਿੱਚ ਪਹਿਲਾਂ ਤੋਂ ਹੀ ਸ਼ੂਗਰ ਪੀੜ੍ਹੀ ਦਰ ਪੀੜ੍ਹੀ ਚੱਲੀ ਆ ਰਹੀ ਹੋਵੇ ਉਨ੍ਹਾਂ ਨੂੰ ਆਪਣੇ ਬਚਾਅ ਲਈ ਪਹਿਲਾਂ ਤੋਂ ਹੀ ਮਿੱਠੀਆਂ ਚੀਜ਼ਾਂ ਬੰਦ ਕਰ ਦੇਣੀ ਚਾਹੀਦੀਆਂ ਹਨ ਅਤੇ ਵਜ਼ਨ ਨੂੰ ਕੰਟਰੋਲ ਵਿੱਚ ਰੱਖਣਾ ਚਾਹੀਦਾ ਹੈ ਲੋੜ ਅਨੁਸਾਰ ਸੈਰ ਕਰਨੀ ਚਾਹੀਦੀ ਹੈ ਅਤੇ ਜਿੱਥੋਂ ਤੱਕ ਹੋ ਸਕੇ ਤਣਾਅ ਰਹਿਤ ਜੀਵਨ ਜੀਣਾ ਚਾਹੀਦਾ ਹੈ।






ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ




*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

844 ਕਹੋ ਜਾ ਕੇ ਗੁਰਾਂ ਨੂੰ ਗੱਲ ਸਿੱਧੀ, ਨਿਸ਼ਾਨਾ ਬੱਕਰੇ ਉਤੇ ਲਾਣ ਸਾਈਂ।
ਨਾਲੇ ਰਫ਼ਲ ਦੀ ਹੋ ਹੈ ਪਰਖ ਜਾਣੀ, ਫਿਰ ਕੱਟ ਪਤੀਲੇ ਪਾਣ ਸਾਈਂ।
ਬਲੀ ਬੰਦੇ ਦੀ ਗੁਰਾਂ ਨੂੰ ਸੋਭਦੀ ਨਹੀਂ, ਹਰ ਬੰਦੇ ਦੀ ਕੀਮਤੀ ਜਾਨ ਸਾਈਂ।
ਸਮਝ ਆਏ ਨਾ ਸਾਨੂੰ ਹਰਚੰਦ ਸਿੰਘਾ, ਉਹ ਤੇ ਆਏ ਨੇ ਸਾਨੂੰ ਬਚਾਣ ਸਾਈਂ॥

### ਭਾਈ ਡੱਲਾ

845 ਭਾਈ ਡੱਲਾ ਗੁਰਾਂ ਦੇ ਪਾਸ ਆਇਆ, ਕੋਲੇ ਖੜ੍ਹ ਗਿਆ ਮੂੰਹ ਉਤਾਰ ਕੇ ਜੀ।
ਕਹਿੰਦਾ ਗੁਰੂ ਜੀ ਕਿਸੇ ਨਾ ਹਾਂ ਕੀਤੀ, ਆਇਆ ਕਿਲ੍ਹੇ 'ਚੋਂ ਮੈਂ ਤੇ ਹਾਰ ਕੇ ਜੀ।
ਕਹਿੰਦੇ ਗੁਰੂ ਜੀ ਤੂੰ ਹੀ ਆ ਅੱਗੇ, ਠੰਡਾ ਹੋ ਜਾ ਗੋਲੀ ਠਾਰ ਕੇ ਜੀ।
"ਸੱਚੇ ਪਾਤਿਸ਼ਾਹ ਮੇਰੇ ਨੇ ਬਾਲ-ਬੱਚੇ, ਕੀ ਮਿਲੇਗਾ ਮੈਨੂੰ ਮਾਰ ਕੇ ਜੀ॥"

### ਗੁਰੂ ਜੀ

846 ਅਸੀਂ ਕਿਹਾ ਸੀ ਡੱਲਿਆ ਵੇਖ ਲਿਆ, ਕੱਚਾ ਲੋਹਾ ਗਿਆ ਏ ਮੁੜ ਭਾਈ।
ਮੀਂਹ ਮੌਤ ਦਾ ਅਜੇ ਵਰਸਿਆ ਨਹੀਂ, ਕੱਚੇ ਡਲੇ ਗਏ ਖੁਰ ਭਾਈ।
ਭੈ ਆਊ ਨਾ ਕਦੇ ਵੀ ਮੌਤ ਕੋਲੋਂ, ਅਕਾਲ ਪੁਰਖ ਦੇ ਨਾਲ ਤੂੰ ਜੁੜ ਭਾਈ।
ਹਰਚੰਦ ਸਿੰਘਾ ਸਿਦਕ ਤੇ ਲਾ ਤਾਰੀ, ਮੋਹ-ਮਾਇਆ ਦੇ ਵਹਿਣੀ ਨਾ ਰੁੜ ਭਾਈ॥

847 ਦੀਵੇ ਬੁਝੇ ਜੋ ਸੱਤਾਂ ਸਦੀਆਂ ਦੇ, ਅਸੀਂ ਉਨ੍ਹਾਂ ਤਾਈਂ ਜਗਾਉਣ ਆਏ।
ਬੱਤੀ ਸਿਦਕ ਦੀ ਜਿਗਰ ਦਾ ਤੇਲ ਪਾ ਕੇ, ਲਾਟ ਅਣਖ ਦੀ ਉਸ ਨੂੰ ਲਾਉਣ ਆਏ।
ਲੋਈ ਲੈ ਗੁਲਾਮੀ ਦੀ ਜੋ ਸੁੱਤੇ, ਘਰ ਘਰ ਜਾ ਕੇ ਅਸੀਂ ਜਗਾਉਣ ਆਏ।
ਅਕਾਲ ਪੁਰਖ ਨੇ ਜਿਸ ਲਈ ਘੱਲਿਆ ਏ, ਅਸੀਂ ਉਹੋ ਹੀ ਕਰਨ ਕਰਾਉਣ ਆਏ॥

848 ਸਾਨੂੰ ਰਾਜ ਤੇ ਤਾਜ ਦਾ ਮੋਹ ਨਾ ਹੀ, ਨਾ ਹੀ ਮੋਹ ਹੈ ਮਹਿਲ ਮੁਨਾਰਿਆਂ ਦਾ।
ਦੇਸ਼ ਪੀਰਾਂ ਅਤੇ ਪੈਗੰਬਰਾਂ ਦਾ, ਦੁੱਖ ਭੋਗਦਾ ਤੁਰਕ ਹਤਿਆਰਿਆਂ ਦਾ।
ਆਪਾ ਅੰਦਰੋਂ ਸਭ ਦਾ ਮਾਰ ਦਿੱਤਾ, ਭਾਰ ਪਾ ਕੇ ਜ਼ੁਲਮਾਂ ਭਾਰਿਆਂ ਦਾ।
ਹਰਚੰਦ ਸਿੰਘਾ ਦੁਨੀਆਂ ਵਿਚ ਹੋਊ, ਸਦਾ ਚਰਚਾ ਗੁਰੂ ਪਿਆਰਿਆਂ ਦਾ॥

849 ਖ਼ੁਦ ਲਈ ਕਰਨ ਤੇ ਮਰਨ ਜਿਹੜੇ, ਦੋ ਦਿਨਾਂ ਦਾ ਹੋਂਵਦਾ ਸੋਗ ਭਾਈ।
ਵਿਚ ਮੜੀਆਂ ਰੁਲਦੀ ਰਾਖ ਉਸਦੀ, ਲੋਕ ਭੁੱਲਦੇ ਪਾ ਕੇ ਭੋਗ ਭਾਈ।
ਡਰ ਆਏ ਉਨ੍ਹਾਂ ਦੀ ਰੂਹ ਕੋਲੋਂ, ਨਾਮ ਲੈਣਾ ਹੋਏ ਨਾ ਯੋਗ ਭਾਈ।
ਕੁਰਬਾਨ ਦੇਸ ਲਈ ਹੋਣ ਹਰਚੰਦ ਸਿੰਘਾ, ਉਨ੍ਹਾਂ ਪੂਜਦੇ ਸਦੀਆਂ ਲੋਕ ਭਾਈ॥

850 ਇਨ੍ਹਾਂ ਆਖ ਕੇ ਗੁਰਾਂ ਆਵਾਜ਼ ਮਾਰੀ, ਇੱਕ ਸਿੰਘ ਅਸਾਂ ਦੇ ਕੋਲ ਆਏ।
ਅਸੀਂ ਗੋਲੀ ਮਾਰ ਕੇ ਵੇਖਣੀ ਏ, ਮਰਨ ਵਾਸਤੇ ਹੋ ਅਡੋਲ ਆਏ।
ਸੱਦ ਸੁਣ ਕੇ ਗੁਰਾਂ ਦੀ ਉਸੇ ਵੇਲੇ, ਦੋ ਸਿੰਘ ਸੀ ਬਾਹਾਂ ਖੋਲ੍ਹ ਆਏ।
ਹਰਚੰਦ ਸਿੰਘਾ ਲੰਗਰ ਦੀ ਛੱਡ ਸੇਵਾ, ਝੱਟ ਵਾਹਿਗੁਰੂ ਵਾਹਿਗੁਰੂ ਬੋਲ ਆਏ॥

851 ਕਹਿੰਦੇ ਗੁਰੂ ਜੀ ਇੱਕ ਦੀ ਲੋੜ ਸਾਨੂੰ, ਤੁਸੀਂ ਦੋ ਕਿਉਂ ਅੱਗੇ ਅੜਨ ਲੱਗੇ।
"ਪਹਿਲਾਂ ਮੈਂ ਸੁਣਿਆ, ਪਹਿਲਾਂ ਮੈਂ ਆਇਆ", ਇਹ ਆਖ ਕੇ ਦੋਵੇਂ ਲੜਨ ਲੱਗੇ।
ਭਾਈ ਡੱਲਾ ਵੇਖ ਹੈਰਾਨ ਹੋਇਆ, ਇੱਕ ਦੂਜੇ ਦੇ ਅੱਗੇ ਆ ਖੜਨ ਲੱਗੇ।
ਹਰਚੰਦ ਸਿੰਘਾ ਗੁਰੂ ਦੇ ਸਿੰਘ ਸੂਰੇ, ਘੋੜੀ ਮੌਤ ਦੀ ਹੱਸ ਕੇ ਚੜ੍ਹਨ ਲੱਗੇ॥

852 ਸਿੰਘ ਇਹੋ ਪਿਉ ਤੇ ਪੁੱਤ ਦੋਵੇਂ, ਪਿੱਛੇ ਉਨ੍ਹਾਂ ਦਾ ਘਰ ਪਰਿਵਾਰ ਹੈ ਸੀ।
ਪਹੁਲ ਛਕ ਕੇ ਜੋ ਸੀ ਵਚਨ ਲਏ, ਚੇਤੇ ਉਨ੍ਹਾਂ ਨੂੰ ਉਹੋ ਇਕਰਾਰ ਹੈ ਸੀ।
ਉਨ੍ਹਾਂ ਸਭ ਹਿਯਾਤੀ ਕਰੀ ਮਨਫੀ, ਗੁਰੂ ਚਰਨਾਂ ਨਾਲ ਪਿਆਰ ਹੈ ਸੀ।
ਹਰਚੰਦ ਸਿੰਘਾ ਗੁਰਾਂ ਨੇ ਫਿਰ ਕਿਹਾ, ਪਰ ਉਹ ਮਰਨ ਲਈ ਦੋਵੇਂ ਤਿਆਰ ਹੈ ਸੀ॥

853 ਪਿਤਾ ਕਹੇ ਮੇਰੇ ਜੀਂਦੇ ਜੀ, ਮੈਂ ਪੁੱਤ ਨੂੰ ਆਂਚ ਨਹੀਂ ਆਣ ਦੇਣੀ।
ਪੁੱਤ ਕਹਿੰਦਾ ਪੁੱਤ ਦਾ ਫਰਜ਼ ਬਣਦਾ, ਮੈਂ ਪਿਤਾ ਦੀ ਜਾਣ ਨਹੀਂ ਜਾਨ ਦੇਣੀ।
ਕਹਿੰਦੇ ਗੁਰੂ ਜੀ ਦੋਵੇਂ ਹੀ ਖੜ੍ਹੇ ਹੋ ਜੋ, ਅਸਾਂ ਹੋਰ ਨਹੀਂ ਰੌਲੀ ਪਾਣ ਦੇਣੀ।
ਵੇਖ ਡੱਲਿਆ ਮੇਰੇ ਪੁੱਤਰਾਂ ਨੇ, ਉਚੀ ਸਿੱਖੀ ਦੀ ਕਰ ਹੈ ਸ਼ਾਨ ਦੇਣੀ॥

854 ਇਹ ਆਖ ਪਲੀਤਾ ਦਾਗ ਦਿੱਤਾ, ਗੋਲੀ ਸਿਰਾਂ ਦੇ ਉਤੋਂ ਲੰਘਾ ਦਿੱਤੀ।
ਸਿੰਘ ਪਰਖੇ ਗੋਲੀ-ਬਾਰੂਦ ਅੱਗੇ, ਕਰਾਮਾਤ ਸੀ ਕਰ ਵਿਖਾ ਦਿੱਤੀ।
ਕੌਤਕ ਕਰਕੇ ਗੁਰਾਂ ਨੇ ਦਮਦਮੇ, ਰੂਹ ਲੋਕਾਂ ਦੀ ਸੁੱਤੀ ਜਗਾ ਦਿੱਤੀ।
ਹਰਚੰਦ ਸਿੰਘਾ ਕੱਚੇ-ਪਿੱਲਿਆਂ ਨੂੰ, ਸੂਰਮਗਤੀ ਦੀ ਜਾਚ ਸਿਖਾ ਦਿੱਤੀ॥

### ਭਾਈ ਡੱਲੇ ਅਤੇ ਉਸਦੇ ਚੇਲਿਆਂ ਨੇ ਪਹੁਲ ਛਕਣੀ

855 ਚੋਜੀ ਪਾਤਿਸ਼ਾਹ ਨੇ ਨਵਾਂ ਚੋਜ ਕਰਕੇ, ਡਰ ਡੱਲੇ ਦੇ ਮਨ ਦਾ ਲਾਹਿਆ ਏ।
ਡੱਲਾ ਵੇਖ ਕੇ ਹੋਣ ਕੁਰਬਾਨ ਲੱਗਾ, ਆਪਣੇ ਆਪ ਤੇ ਬੜਾ ਪਛਤਾਇਆ ਏ।
ਇਕੱਠੇ ਕਰਕੇ ਆਪਣੇ ਚੇਲਿਆ ਨੂੰ, ਗੁਰੂ ਚਰਨਾਂ ਵਿਚ ਲਿਆਇਆ ਏ।
ਹਰਚੰਦ ਸਿੰਘਾ ਗੁਰਾਂ ਨੇ ਸਾਰਿਆਂ ਨੂੰ, ਪਹੁਲ ਦੇ ਕੇ ਸਿੰਘ ਸਜਾਇਆ ਏ॥

### ਸਤਿਗੁਰਾਂ ਦਾ ਬਠਿੰਡੇ ਜਾਣਾ

856 ਦਾਤ ਸਿੱਖੀ ਦੀ ਵੰਡਦੇ ਪਾਤਿਸ਼ਾਹ ਜੀ, ਭਾਗ ਜਾ ਬਠਿੰਡੇ ਨੂੰ ਲਾਵੰਦੇ ਨੇ।
ਖ਼ਬਰ ਸੁਣ ਕੇ ਵਾਂਙ ਪਰਵਾਨਿਆਂ ਦੇ, ਭੁੱਖੇ ਦੀਦ ਦੇ ਸੇਵਕ ਆਵੰਦੇ ਨੇ।
ਦਰਸ਼ਨ ਕਰ ਰੂਹਾਨੀ ਮੁੱਖੜੇ ਦੇ, ਨਵੀਂ ਜਿੰਦਗੀ ਗੁਰਾਂ ਤੋਂ ਪਾਵੰਦੇ ਨੇ।
ਹਰਚੰਦ ਸਿੰਘਾ ਸੜਦੀ ਰੇਤ ਵਿਚੋਂ, ਸਤਿਗੁਰ ਸਿੱਖੀ ਉਗਾਈ ਜਾਵੰਦੇ ਨੇ॥

### ਕਵੀਓ ਵਾਚ

857 ਕਿਨ੍ਹੇ ਭਾਗਾਂ ਵਾਲੜੇ ਉਹ ਲੋਕੀ, ਦੇਣ ਦਰਸ਼ ਸੀ ਦਸਮ ਦਾਤਾਰ ਪਹੁੰਚੇ।
ਚਰਨ ਚੁੰਮ ਕੇ ਹੋਈ ਨਿਹਾਲ ਧਰਤੀ, ਜਿੱਥੇ ਜਿੱਥੇ ਰੱਬੀ ਅਵਤਾਰ ਪਹੁੰਚੇ।
ਪਰ ਕਿੰਨੇ ਬਦਨਸੀਬ ਉਹੋ, ਜੋ ਕਰਨ ਗੁਰਾਂ ਤੇ ਵਾਰ ਪਹੁੰਚੇ।
ਹਰਚੰਦ ਸਿੰਘਾ ਸਾਡੀ ਰੱਖਿਆ ਲਈ, ਛੱਡ ਬੈਕੁੰਠ ਨੂੰ ਇਸ ਸੰਸਾਰ ਪਹੁੰਚੇ॥

858 ਪਿੰਡੀਂ ਸ਼ਹਿਰੀਂ ਸਿੱਖੀ ਦੇ ਬਾਲ ਦੀਵੇ, ਮਿਹਰਾਂ ਵਾਲੇ ਦਮਦਮੇ ਫੇਰ ਆਏ।
ਦੂਰੋਂ-ਨੇੜਿਉਂ ਸੰਗਤਾਂ ਜੁੜੀਆਂ ਜੋ, ਵਿੱਚ ਉਨ੍ਹਾਂ ਦੇ ਆ ਦੀਵਾਨ ਲਾਏ।
ਮਹਿਲ ਗੁਰਾਂ ਦੇ ਦਿੱਲੀ ਤੋਂ ਆਣ ਪਹੁੰਚੇ, ਆ ਦਮਦਮੇ (ਤਲਵੰਡੀ) ਉਨ੍ਹਾਂ ਨੇ ਚਰਨ ਪਾਏ।
ਅਕਾਲ ਪੁਰਖ ਨੇ ਵਿਛੜੇ ਮੇਲ ਦਿੱਤੇ, ਬੜੀ ਦੇਰ ਬਿਰਹਾ ਦੇ ਡੰਗ ਖਾਏ॥

859 ਮਨੀ ਸਿੰਘ, ਮਹਿਲ ਤੇ ਸੇਵਕਾਂ ਨੂੰ ਤੱਕ ਗੁਰੂ ਜੀ ਬੜੇ ਨਿਹਾਲ ਹੋਏ।
ਕਦੇ ਦੂਰ ਨਾ ਜਿਨ੍ਹਾਂ ਤੋਂ ਪਲ ਹੋਏ, ਉਨ੍ਹਾਂ ਵੇਖਿਆਂ ਦੇਖੋ ਸਾਲ ਹੋਏ।
ਪਤਾ ਲੱਗਿਆ ਜਦੋਂ ਸੀ ਸੰਗਤਾਂ ਨੂੰ, ਉਨ੍ਹਾਂ ਕੋਲੋਂ ਨਾ ਖੁਸ਼ੀ ਸੰਭਾਲ ਹੋਏ।
ਕੀ ਕੀ ਹਾਦਸੇ ਦੇਖ ਹਰਚੰਦ ਸਿੰਘਾ, ਦੇਸ਼-ਕੌਮ ਦੇ ਸੇਵਕਾਂ ਨਾਲ ਹੋਏ।

860 ਮਾਤਾ ਸਾਹਿਬ ਕੌਰ ਤੇ ਸੁੰਦਰੀ ਜੀ, ਚਾਰੋਂ ਪਾਸੇ ਨਜ਼ਰ ਘੁਮਾਂਵਦੇ ਨੇ।
ਮਾਤਾ ਸਾਹਿਬ ਕੌਰ ਜੀ ਗੁਰੂ ਜੀ ਨੂੰ, ਜ਼ੇਰਾ ਕਰ ਸਵਾਲ ਇਹ ਪਾਂਵਦੇ ਨੇ।
ਚਾਰੇ ਲਾਲ ਤੇ ਮਾਤਾ ਗੁਜਰੀ ਜੀ, ਦਾਤਾ ਕਿਤੇ ਨਜ਼ਰ ਨਾ ਆਂਵਦੇ ਨੇ।
ਹਰਚੰਦ ਸਿੰਘਾ ਗੁਰੂ ਜੀ ਇਹ ਸੁਣ ਕੇ, ਤਿਲ ਭਰ ਨਾ ਚਿੱਤ ਡੁਲਾਂਵਦੇ ਨੇ॥

### ਗੁਰੂ ਜੀ

861 ਨੂਹਾਨੀ ਚਿਹਰ ਤੋਂ ਹੱਸ ਕ ਕਹਿਣ ਲੱਗ, ਜ਼ਰਾ ਨਜ਼ਰ ਤ ਆਪਣੀ ਮਾਰ ਸਾਹਿਬ।
ਸਾਡ ਸਾਹਮਣ ਜੁੜਿਆ ਜੋ ਬੈਠਾ, ਇਹ ਆਪਣਾ ਸਭ ਪਰਿਵਾਰ ਸਾਹਿਬ।
'ਇਨ ਪੁਤਰਨ ਕ ਕਾਰਨ, ਵਾਰ ਦੀਏ ਸੁਤ ਚਾਰ ਸਾਹਿਬ।
ਚਾਰ ਮੋਏ ਤੋ ਕਿਆ ਹੁਆ, ਜੀਵਤ ਕਈ ਹਜ਼ਾਰ ਸਾਹਿਬ।'

**(ਬਾਕੀ ਅਗਲ ਅੰਕ ਵਿਚ)**

49 YEARS OF EXCELLENCE
1973 THE LINK GROUP 2021
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੇਲ !
www.dream-carpets.com
dream carpets
Shaw FLOORS
Ansonylon
STAINMASTER CARPET
ClearTouch
from $1.98 SF Berber Installed
Textured Saxony Installed from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਜੰਮਪਲ ਰਾਮਗੜ੍ਹੀਆ ਲੜਕਾ, ਉਮਰ 29 ਸਾਲ, ਕੱਦ 5'8", ਨਸ਼ਿਆਂ ਤੋਂ ਰਹਿਤ, ਸ਼ਭੂ ਤੋਂ ਇਲੈਕਟ੍ਰੋਨਿਕ ਇੰਜਨੀਅਰ ਦੀ ਡਿਗਰੀ ਪਾਪਤ, ਅਮਰੀਕਾ ਵਿਚ ਇੰਟਰਨੈਸ਼ਨਲ ਕੰਪਨੀ ਵਿਚ ਆਪਣੇ ਫੀਲਡ ਵਿਚ ਕੰਮ ਕਰ ਰਹੇ ਲੜਕੇ ਲਈ ਸੋਹਣੀ-ਸੁਨੱਖੀ, ਬਰਾਬਰ ਯੋਗਤਾ ਵਾਲੀ ਲੜਕੀ ਦੀ ਲੋੜ ਹੈ। ਸੰਪਰਕ: 778-564-1556

feb 12

ਕੈਨੇਡੀਅਨ ਪੀ.ਆਰ. ਜੱਟ ਸਿੱਖ ਬਰਾੜ ਲੜਕਾ, ਉਮਰ 29 ਸਾਲ, ਕੱਦ 5'11", ਲਈ ਕੈਨੇਡੀਅਨ ਪੀ.ਆਰ., ਵਰਕ ਪਰਮਿਟ ਹੋਲਡਰ, ਸਟੂਡੈਂਟ (ਜੋ ਫੈਮਿਲੀ ਵਿਚ ਰਹਿੰਦੀ ਹੋਵੇ) ਲੜਕੀ ਦੀ ਲੋੜ ਹੈ। ਲੜਕੀ ਦੀ ਉਮਰ 24 ਤੋਂ 28 ਸਾਲ ਹੋਵੇ। ਸੰਪਰਕ ਕਰੋ- 778-680-2590

jan 22

ਕੈਨੇਡੀਅਨ ਜੱਟ ਸਿੱਖ ਲੜਕਾ, ਉਮਰ 30 ਸਾਲ, ਕੱਦ 5'8" ਵਾਸਤੇ ਕੈਨੇਡਾ ਵਿਚ ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ- 778-551-1800

feb 12

### ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਕੈਨੇਡੀਅਨ ਪੀ ਆਰ , ਉਮਰ 29 ਸਾਲ, ਕੱਦ 5 ਫੁੱਟ 6 ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 91-77105-45804 (ਵੈਟਸਐਪ)

## MATRIMONIALS

### ਲੜਕੇ ਦੀ ਲੋੜ

ਰਾਮਗੜ੍ਹੀਆ ਸਿੱਖ ਪਰਿਵਾਰ ਦੀ ਤਲਾਕਸ਼ੁਦਾ ਲੜਕੀ, ਉਮਰ 39, 5'3", ਵਾਸਤੇ ਯੋਗ ਵਰ ਦੀ ਕੈਨੇਡਾ ਤੋਂ ਲੋੜ ਹੈ। ਲੜਕੀ ਨੇ +2 ਪਾਸ ਕਰਕੇ OT ਦਾ ਕੋਰਸ ਕੀਤਾ ਹੋਇਆ ਹੈ। ਕੋਈ ਜਾਤੀ ਬੰਧਨ ਨਹੀ ਹੈ। ਸੰਪਰਕ-ਕੈਨੇਡਾ:604-644-1812 ਅਤੇ ਭਾਰਤ: 98140-90611

jan 22

## EMPLOYMENTS

NU Style Kitchen Cabinet ਕੰਪਨੀ ਨੂੰ ਆਫਿਸ ਅਤੇ ਵੇਅਰਹਾਊਸ ਵਿੱਚ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ। ਤਨਖਾਹ ਤਜਰਬੇ ਅਨੁਸਾਰ ਦਿੱਤੀ ਜਾਵੇਗੀ। ਕੰਮ ਕਰਨ ਲਈ ਅਤੇ ਹੋਰ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-761-0775 ਜਾਂ 604-825-7322 ਤੇ ਸੰਪਰਕ ਕਰੋ।

jan22

ਸਰੀ ਵਿੱਚ ਨਾਮਵਰ ਰੂਫਿੰਗ ਕੰਪਨੀ ਨੂੰ ਕਾਮੇਆਂ ਦੀ ਲੋੜ ਹੈ। ਤਨਖਾਹ ਤਜਰਬੇ ਅਨੁਸਾਰ ਦਿੱਤੀ ਜਾਵੇਗੀ। ਕੰਮ ਕਰਨ ਲਈ ਅਤੇ ਹੋਰ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-961-2035 ਤੇ ਸੰਪਰਕ ਕਰੋ।

jan 22

## ਕਿਰਾਏ ਲਈ ਖਾਲੀ

ਸਰੀ ਵਿੱਚ 2 ਬੈਡਰੂਮ ਬੇਸਮੈਂਟ 1 ਫਰਵਰੀ ਤੋਂ ਕਿਰਾਏ ਲਈ ਉਪਲਬਧ ਹੈ ।ਸ਼ਾਕਾਹਾਰੀ ਹੋਣਾ ਚਾਹੀਦਾ ਹੈ ਅਤੇ ਸਿਗਰਟਨੋਸ਼ੀ ਮਨ੍ਹਾਂ ਹੈ।ਇੰਟਰਨੈੱਟ ਅਤੇ ਨਿੱਜੀ ਲਾਂਡਰੀ ਹੈ ।ਕੋਈ ਪਾਲਤੂ ਜਾਨਵਰ ਨਹੀਂ।ਹੋਰ ਜਾਣਕਾਰੀ ਲਈ ਸੰਪਰਕ ਕਰੋ: 604-961-4251

ਪੰਜਾਬੀ ਮਾਰਕੀਟ ਵੈਨਕੂਵਰ ਦੇ ਐਨ ਵਿਚਕਾਰ 2 ਬੈਡਰੂਮ ਹਾਊਸ ਕਿਰਾਏ ਲਈ ਖਾਲੀ ਹੈ। ਲਗਾਂਰਾ ਕਾਲਜ ਅਤੇ ਕੈਨੇਡਾ ਲਾਈਨ ਸਕਾਈਟਰੇਨ ਦੇ ਨਜ਼ਦੀਕ। ਡਾਊਨਟਾਊਨ ਲਈ ਸਿੱਧੀ ਬੱਸ। ਪਾਲਤੂ ਜਾਨਵਰ ਅਤੇ ਸਮੋਕਿੰਗ ਦੀ ਮਨਾਹੀ।ਸੰਪਰਕ : 604-377-4085

27 feb

## EMPLOYMENTS

### ਵਰਕਰਾਂ ਦੀ ਲੋੜ

ਜ਼ੋਰਾਵਰ ਕੰਸਟਰਕਸ਼ਨ ਲਿਮ. ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ। ਵਧੀਆ ਤਨਖਾਹ। ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਵਾਉਣ ਵਿਚ ਮਦਦ ਕੀਤੀ ਜਾਵੇਗੀ। ਸਰੀ, ਡੈਲਟਾ ਅਤੇ ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।ਅੱਜ ਹੀ ਸੰਪਰਕ ਕਰੋ- ਲਖਵੀਰ ਸਿੰਘ ਗਰੇਵਾਲ: 778-881-0002

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ. ਜੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚੱਲੇਗਾ। ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਸਾਨੂੰ ਡਰਾਈਵਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ-ਚਰਨਜੀਤ ਕੌਰ 604-309-8705

### ਵਰਕਰਾਂ ਦੀ ਲੋੜ

**ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।**

**ਅੱਜ ਹੀ ਸੰਪਰਕ ਕਰੋ:**

**ਸਾਹਿਬ ਸਿੰਘ : 778-863-9000**

S K Framing ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜਰਬੇ ਦੀ ਕੋਈ ਲੋੜ ਨਹੀਂ। ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰਬੰਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 'ਤੇ ਸੰਪਰਕ ਕਰੋ।

# ਪੰਜਾਬ ਦੇ ਸਿਆਸੀ ਪਿੜ ’ਚੋਂ ਮੁੱਦੇ ਗਾਇਬ

ਗਿਆਨ ਸਿੰਘ

ਚੋਣ ਕਮਿਸ਼ਨ ਵੱਲੋਂ ਪੰਜਾਬ ਵਿਚ 14 ਫਰਵਰੀ ਨੂੰ ਚੋਣਾਂ ਕਰਵਾਉਣ ਦਾ ਐਲਾਨ ਤੇ ਪਾਬੰਦੀਆਂ ਨੇ ਚੋਣ ਪ੍ਰਚਾਰ ਤਸਵੀਰ ਬਦਲ ਕੇ ਰੱਖ ਦਿੱਤੀ ਹੈ। ਪੰਜਾਬ ਵਿਚ ਮੁੱਖ ਸਿਆਸੀ ਪਾਰਟੀਆਂ ਮਹੀਨਿਆਂ ਤੋਂ ਪ੍ਰਚਾਰ ਸਰਗਰਮੀਆਂ ਤੇਜ਼ੀ ਨਾਲ ਚਲਾ ਰਹੀਆਂ ਸਨ। ਚੋਣਾਂ ਦੇ ਐਲਾਨ ਪਿੱਛੋਂ ਚੋਣ ਪ੍ਰਚਾਰ ਤੇ ਹੋਣ ਵਾਲੇ ਖ਼ਰਚੇ ਤੇ ਚੋਣ ਕਮਿਸ਼ਨ ਦੀ ਬਾਜ਼ ਅੱਖ ਹੁੰਦੀ ਹੈ। ਚੋਣ ਖ਼ਰਚੇ ਦਾ ਪੂਰਾ ਹਿਸਾਬ-ਕਿਤਾਬ ਰੱਖਣਾ ਪੈਂਦਾ ਹੈ। ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦੇ ਗੱਦੀ ਤੋਂ ਲੱਥਣ ਪਿੱਛੋਂ ਚਰਨਜੀਤ ਸਿੰਘ ਚੰਨੀ ਨੇ ਮੁੱਖ ਮੰਤਰੀ ਬਣਨ ਉਪਰੰਤ ਲੋਕਾਂ ਦੇ ਵੱਡੇ-ਵੱਡੇ ਇਕੱਠ ਕਰ ਕੇ, ਲੋਕਾਂ ਨਾਲ ਧੜਾਧੜ ਵਾਅਦੇ ਕਰ ਕੇ ਪੰਜਾਬ ਦੀ ਸਿਆਸਤ ਨੂੰ ਗਰਮਾ ਦਿੱਤਾ ਸੀ।

ਚੰਨੀ ਵੱਲੋਂ ਕੀਤੇ ਬਹੁਤੇ ਵਾਅਦੇ ਫਾਈਲਾਂ ਦਾ ਸ਼ਿੰਗਾਰ ਬਣੇ ਪਏ ਹਨ ਕਿਉਂਕਿ ਅਫ਼ਸਰਸ਼ਾਹੀ ਅਸਤ ਹੋ ਰਹੇ ਸੂਰਜ ਨੂੰ ਵੇਖਦੀ ਰਹੀ। ਅਖੀਰ ਚੋਣ ਕਮਿਸ਼ਨ ਨੇ ਘੰਟੀ ਖੜਕਾ ਦਿੱਤੀ ਤਾਂ ਅਫ਼ਸਰਸ਼ਾਹੀ ਦੇ ਹੱਥ ਕਮਾਂਡ ਆ ਗਈ। ਕਾਂਗਰਸ, ਸ਼੍ਰੋਮਣੀ ਅਕਾਲੀ ਦਲ, ਆਮ ਆਦਮੀ ਪਾਰਟੀ (ਆਪ) ਆਦਿ ਸਿਆਸੀ ਪਾਰਟੀਆਂ ਨੇ ਵੋਟਰਾਂ ਨੂੰ ਭਰਮਾਉਣ ਲਈ ਖਿਲਾਰਨ ਚ ਕੋਈ ਕਸਰ ਨਹੀਂ ਛੱਡ ਰਹੀਆਂ। ਪੰਜਾਬ ਦੇ ਮੁੱਖ ਮੁੱਦਿਆਂ ਬੇਰੁਜ਼ਗਾਰੀ ਕਾਰਨ ਹੋ ਰਿਹਾ ਨੌਜਵਾਨਾਂ ਦਾ ਪਰਵਾਸ, ਸਿਹਤ ਸੇਵਾਵਾਂ, ਸਿੱਖਿਆ ਦਾ ਕੌਮੀਕਰਨ, ਪ੍ਰਦੂਸ਼ਣ, ਪਾਣੀਆਂ ਦਾ ਮਸਲਾ, ਪੰਜਾਬੀ ਨਾਲ ਦੇਸ਼ ਅੰਦਰ ਹੋ ਰਿਹਾ ਵਿਤਕਰਾ, ਪੰਜਾਬ ਦੀ ਵਿਗੜਦੀ ਆਰਥਿਕਤਾ, ਵਿਤਕਰੇ ਕਾਰਨ ਹਰ ਵਰਗ ਦੀ ਪਰੇਸ਼ਾਨੀ ਨੂੰ ਅੱਖੋਂ-ਪਰੋਖੇ ਕਰਦੇ ਹੋਏ ਮੁਫ਼ਤ ਦੀਆਂ ਸਹੂਲਤਾਂ ਦੇਣ ਦੇ ਵਾਅਦੇ ਭਾਰੂ ਰਹੇ। ਕਿਸੇ ਵੀ ਸਿਆਸੀ ਪਾਰਟੀ ਨੇ ਸਰਕਾਰੀ ਖ਼ਜ਼ਾਨੇ ਚੋਂ ਤਨਖ਼ਾਹ ਤੇ ਪੈਨਸ਼ਨਾਂ ਨਾ ਲੈਣ ਦੀ ਗੱਲ ਨਹੀਂ ਕੀਤੀ। ਸਾਰੀਆਂ ਪਾਰਟੀਆਂ ਦੇ ਨੇਤਾ ਆਪਣੇ ਧੀਆਂ/ਪੁੱਤਰਾਂ ਨੂੰ ਸਿਆਸਤ ਵਿਚ ਅੱਗੇ ਲਿਆ ਕੇ ਪਿਤਾ/ਮਾਤਾ ਪੁਰਖੀ ਸਿਆਸੀ ਹਲਕੇ/ਜਾਇਦਾਦਾਂ ਸੌਂਪਣ ਦੇ ਸੁਪਨੇ ਸੰਜੋ ਰਹੇ ਹਨ। ਕਿਸੇ ਵੀ ਪਾਰਟੀ ਦੇ ਨੇਤਾ ਦੇ ਦਿਲ ਚ ਪੰਜਾਬ ਨੂੰ ਬਚਾਉਣ ਤੇ ਵਿਕਸਤ ਕਰਨ ਦਾ ਅਜੇ ਤਕ ਸੁਪਨਾ ਦਿਖਾਈ ਨਹੀਂ ਦਿੱਤਾ। ਸਿਆਸੀ ਪਾਰਟੀਆਂ ਦੀ ਵੋਟਰਾਂ ਤਕ ਪਹੁੰਚ ਕੁਰਸੀ ਯੁੱਧ ਤਕ ਸੀਮਤ ਹੈ। ਪੰਜਾਬ ਚ ਪਹਿਲਾਂ ਤੋਂ ਸਰਗਰਮ ਵੱਖ-ਵੱਖ ਕੌਮੀ, ਖੇਤਰੀ ਸਿਆਸੀ ਪਾਰਟੀਆਂ ਤੇ ਸਿਆਸੀ ਪਾਰਟੀਆਂ ਚੋਂ ਨਿਕਲੇ ਨਵੇਂ ਸਿਆਸੀ ਵਿੰਗ ਵੋਟਰਾਂ ਤਕ ਪਹੁੰਚ ਕਰਨ ਤੇ ਉਨ੍ਹਾਂ ਦੀ ਹਮਦਰਦੀ ਪ੍ਰਾਪਤ ਕਰਨ ਲਈ ਪੂਰੀ ਤਰ੍ਹਾਂ ਸਰਗਰਮ ਹਨ। ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਚ ਲੰਬਾ ਸਮਾਂ ਰਾਜ ਕੀਤਾ ਪਰ ਉਨ੍ਹਾਂ ਕੋਲ ਵੀ ਅਜੇ ਤਕ ਕੋਈ ਇਨਕਲਾਬੀ ਪ੍ਰੋਗਰਾਮ ਨਹੀਂ ਹੈ। ਜਦੋਂ ਪੰਜਾਬ ਦੀਆਂ ਰਵਾਇਤੀ ਪਾਰਟੀਆਂ ਲੋਕਾਂ ਨੂੰ ਲਾਮਬੰਦ ਕਰਨ ਚ ਲੱਗੀਆਂ ਸਨ ਉਸ ਵੇਲੇ ਕਿਸਾਨ ਜੱਥੇਬੰਦੀਆਂ ਦਿੱਲੀ ਦੇ ਬਾਰਡਰ ਤੇ ਕੇਂਦਰ ਸਰਕਾਰ ਵੱਲੋਂ ਲਿਆਂਦੇ ਕਿਸਾਨ ਵਿਰੋਧੀ ਬਿੱਲਾਂ ਵਿਰੁੱਧ ਧਰਨੇ ਤੇ ਬੈਠੀਆਂ ਸਨ। ਕਿਸਾਨੀ ਮੋਰਚਿਆਂ ਦੌਰਾਨ ਸੰਯੁਕਤ ਕਿਸਾਨ ਮੋਰਚੇ ਵੱਲੋਂ ਸਿਆਸੀ ਪਾਰਟੀਆਂ ਨੂੰ ਪਾਰਟੀ ਪੱਧਰ ਤੋਂ ਉੱਪਰ ਉੱਠ ਕੇ ਕਿਸਾਨਾਂ ਲਈ ਮਦਦ ਕਰਨ ਦਾ ਆਦੇਸ਼ ਜਾਰੀ ਕਰ ਦਿੱਤਾ ਸੀ। ਕਿਸਾਨੀ ਸੰਘਰਸ਼ ਵਿਚ ਸਾਰੀਆਂ ਸਿਆਸੀ ਪਾਰਟੀਆਂ ਨੇ ਆਪੋ-ਆਪਣੀ ਪਾਰਟੀ ਦੇ ਵਰਕਰਾਂ ਨੂੰ ਭਵਿੱਖ ਦੀ ਰਣਨੀਤੀ ਦੇ ਮੱਦੇਨਜ਼ਰ ਕਿਸਾਨਾਂ ਦੀ ਮਦਦ ਲਈ ਤੋਰਿਆ। ਸਮੁੱਚੇ ਭਾਰਤ ਚੋਂ ਵੱਖ-ਵੱਖ ਰਾਜਾਂ ਦੀਆਂ



ਕਿਸਾਨ ਹਮਾਇਤੀ ਜੱਥੇਬੰਦੀਆਂ ਕਿਸਾਨ ਮੋਰਚੇ ਵਿਚ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਅਤੇ ਕਾਰਪੋਰੇਟ ਘਰਾਣਿਆਂ ਤੋਂ ਬਚਾਉਣ ਲਈ ਅੱਗੇ ਆਈਆਂ। ਕੌਮਾਂਤਰੀ ਪੱਧਰ ਤਕ ਕਿਸਾਨ ਸੰਘਰਸ਼ ਦੀਆਂ ਗੂੰਜਾਂ ਪੈ ਗਈਆਂ। ਵਿਦੇਸ਼ਾਂ ਚ ਬੈਠੇ ਭਾਰਤੀਆਂ ਨੇ ਤਨ, ਮਨ ਤੇ ਧਨ ਨਾਲ ਕਿਸਾਨ ਸੰਘਰਸ਼ ਚ ਆਪਣਾ ਯੋਗਦਾਨ ਪਾਇਆ। ਵਿਦੇਸ਼ੀ ਦੌਰੇ ਦੌਰਾਨ ਪ੍ਰਧਾਨ ਮੰਤਰੀ ਨੂੰ ਕਿਸਾਨ ਸਮਰਥਕ ਭਾਰਤੀਆਂ ਵੱਲੋਂ ਕੀਤੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਕਿਸਾਨ ਮੋਰਚੇ ਵਿਚ ਅਗਵਾਈ ਕਰ ਰਹੀਆਂ 32 ਕਿਸਾਨ ਜੱਥੇਬੰਦੀਆਂ ਦੇ ਕਿਸਾਨ ਮੋਰਚੇ ਨੇ ਕੇਂਦਰ ਸਰਕਾਰ ਦੇ ਮੁਤਵਾਜ਼ੀ ਸਰਕਾਰ ਚਲਾਉਣੀ ਸ਼ੁਰੂ ਕਰ ਦਿੱਤੀ। ਜੇ ਕਿਸੇ ਕਿਸਾਨ ਜੱਥੇਬੰਦੀ ਦਾ ਆਗੂ ਸਿਆਸੀ ਬਿਆਨ ਦਿੰਦਾ ਸੀ ਤਾਂ ਉਸ ਨੂੰ ਮੁਅੱਤਲ ਕਰ ਕੇ ਬੋਲਣ ਤੇ ਰੋਕ ਲਾ ਦਿੰਦੇ ਸਨ। ਕਿਸਾਨ ਮੋਰਚੇ ਦੌਰਾਨ ਹੋਈਆਂ ਕੁਝ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਕੇਂਦਰ ਚ ਰਾਜ ਕਰ ਰਹੀ ਭਾਜਪਾ ਨੂੰ ਵੋਟਾਂ ਨਾ ਪਾਉਣ ਦਾ ਫਤਵਾ ਜਾਰੀ ਕਰ ਦਿੱਤਾ ਗਿਆ। ਪੰਜਾਬ ਦੇ ਸਾਰੇ ਜ਼ਿਲ੍ਹਾ ਹੈੱਡਕੁਆਰਟਰਾਂ ਤੇ ਟੋਲ ਪਲਾਜ਼ਿਆਂ ਤੇ ਧਰਨੇ ਜਾਰੀ ਰਹੇ। ਪੰਜਾਬੀਆਂ ਤੇ ਪੰਜਾਬ ਆਉਣ ਵਾਲੇ ਲੋਕਾਂ ਨੂੰ ਟੋਲ ਪਲਾਜ਼ਿਆਂ ਤੋਂ ਵੱਡੀ ਰਾਹਤ ਸੀ ਪਰ ਕਿਸਾਨ ਜੱਥੇਬੰਦੀਆਂ ਨੇ ਟੋਲ ਪਲਾਜ਼ਿਆਂ ਤੇ ਦਾਨਪਾਤਰ ਰੱਖ ਦਿੱਤੇ ਸਨ। ਕਿਸਾਨ ਮੋਰਚੇ ਦੌਰਾਨ ਹੀ ਸਿਆਸੀ ਪਾਰਟੀਆਂ ਨੇ ਕਿਸਾਨ ਆਗੂਆਂ ਤੇ ਡੋਰੇ ਪਾਉਣੇ ਸ਼ੁਰੂ ਕਰ ਦਿੱਤੇ ਸਨ। ਭਾਰਤ ਦੇ ਵੱਖ-ਵੱਖ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਤੇ ਜ਼ਿਮਨੀ ਚੋਣਾਂ ਦੌਰਾਨ ਹੋਈ ਹਾਰ ਤੇ ਪੰਜ ਸੂਬਿਆਂ ਉੱਤਰ ਪ੍ਰਦੇਸ਼, ਉੱਤਰਾਖੰਡ, ਪੰਜਾਬ, ਗੋਆ, ਮਨੀਪੁਰ ਚੋਣਾਂ ਨੂੰ ਧਿਆਨ ਵਿਚ ਰੱਖਦਿਆਂ ਅਖ਼ੀਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਮੌਕੇ 19 ਨਵੰਬਰ ਨੂੰ ਤਿੰਨੇ ਕਥਿਤ ਕਿਸਾਨ ਵਿਰੋਧੀ ਕਾਨੂੰਨ ਵਾਪਸ ਲੈਣ ਦਾ ਐਲਾਨ ਕਰ ਦਿੱਤਾ। ਕਿਸਾਨ ਮੋਰਚੇ ਨੇ ਬਾਕੀ ਰਹਿੰਦੀਆਂ ਮੰਗਾਂ ਫ਼ਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਅਤੇ ਕਰਜ਼ਾ ਮੁਕਤੀ ਸਮੇਤ ਹੋਰ ਕਈ ਵੱਡੇ-ਵੱਡੇ ਮਸਲਿਆਂ ਦੀ ਪੂਰਤੀ ਲਈ ਧਰਨੇ ਜਾਰੀ ਰੱਖੇ। ਕੇਂਦਰ ਸਰਕਾਰ ਵੱਲੋਂ ਸਾਰੀਆਂ ਮੰਗਾਂ ਮੰਨਣ ਦੀ ਲਿਖਤੀ ਸਹਿਮਤੀ ਦੇਣ ਉਪਰੰਤ ਕਿਸਾਨ ਮੋਰਚਾ ਚੁੱਕਿਆ ਗਿਆ। ਕਿਸਾਨੀ ਸੰਘਰਸ਼ ਧਰਨਾ ਖ਼ਤਮ ਹੁੰਦਿਆਂ ਹੀ ਭਾਰਤੀ ਕਿਸਾਨ ਮੋਰਚਾ ਬਿਖਰਨਾ ਸ਼ੁਰੂ ਹੋ ਗਿਆ। ਕਈ ਕਿਸਾਨ ਆਗੂਆਂ ਨੇ ਪੰਜਾਬ ਚ ਸਿਆਸੀ ਦਾਅ ਪੇਚ ਲਾਉਣੇ ਸ਼ੁਰੂ ਕਰ ਦਿੱਤੇ। ਕਿਸਾਨੀ ਮੋਰਚੇ ਨਾਲ ਸਬੰਧਤ ਪੰਜਾਬ ਦੀਆਂ 22 ਕਿਸਾਨ ਜੱਥੇਬੰਦੀਆਂ ਵੱਲੋਂ ‘ਸੰਯੁਕਤ ਸਮਾਜ ਮੋਰਚਾ ਬਣਾਉਣ ਤੇ ਸਿਆਸੀ ਪਿੜ ਵਿਚ ਕੁੱਦਣ ਦੇ ਫ਼ੈਸਲੇ ਨੇ ਸੰਯੁਕਤ ਕਿਸਾਨ ਮੋਰਚੇ ਦੌਰਾਨ ਲੱਗ ਰਹੀ ਦੂਸ਼ਣਬਾਜ਼ੀ ਨੂੰ ਲੋਕਾਂ ਦੇ ਸਾਹਮਣੇ ਨੰਗਾ ਕਰ ਦਿੱਤਾ ਹੈ। ਕਿਸਾਨਾਂ ਵੱਲੋਂ ਨਵੀਂ ਪਾਰਟੀ ਬਣਾਉਣ ਸਮੇਂ ਪਾਰਟੀ ਦੇ ਨਾਮ ਦੇ ਕੇਂਦਰ ਵਿਚ ‘ਸਮਾਜ ਲਫ਼ਜ਼ ਦੀ ਵਰਤੋਂ ਕੀਤੀ। ਸੰਯੁਕਤ ਸਮਾਜ ਮੋਰਚੇ ਦੀ ਅਗਵਾਈ ਕਿਸਾਨੀ ਨਾਲ ਸਬੰਧਤ ਵਿਅਕਤੀਆਂ ਦੇ ਹੱਥਾਂ ਵਿਚ ਹੈ। ਸੰਯੁਕਤ ਕਿਸਾਨ ਮੋਰਚੇ ਦੌਰਾਨ ਸਮਾਜ ਦੇ ਜਿਨ੍ਹਾਂ ਵਰਗਾਂ ਨੇ ਕਿਸਾਨੀ ਸੰਘਰਸ਼ ਦਾ ਸਾਥ ਦਿੱਤਾ ਸੀ, ਕੀ ਉਹ ਹੁਣ ਸੰਯੁਕਤ ਸਮਾਜ ਮੋਰਚੇ ਦਾ ਸਾਥ ਦੇਣਗੇ? ਬਲਬੀਰ ਸਿੰਘ ਰਾਜੇਵਾਲ ਦੀ ਅਗਵਾਈ ਹੇਠ ਬਣੀ ਕਿਸਾਨ ਜੱਥੇਬੰਦੀਆਂ ਦੀ ਨਵੀਂ ਪਾਰਟੀ ‘ਸੰਯੁਕਤ ਸਮਾਜ ਮੋਰਚਾ ਪਹਿਲਾਂ ਤਾਂ ਸਿਆਸੀ ਪਿੜ ਵਿਚ ਮੌਜੂਦ ਪਾਰਟੀ ‘ਆਪ ਨਾਲ ਸਮਝੌਤਾ ਕਰਨ ਦੀ ਆਸ ਵਿਚ ਸੀ ਪਰ ਸਮਝੌਤਾ ਨਾ ਹੋ ਸਕਿਆ। ‘ਸੰਯੁਕਤ ਸਮਾਜ ਮੋਰਚਾ ਨੇ ਪੰਜਾਬ ਦੇ ਸਾਰੇ 117 ਵਿਧਾਨ ਸਭਾ ਹਲਕਿਆਂ ਵਿਚ ਉਮੀਦਵਾਰ ਚੋਣ ਮੈਦਾਨ ਵਿਚ ਉਤਾਰਨ ਦਾ ਫ਼ੈਸਲਾ ਕਰ ਲਿਆ। ਹੁਣ ਉਸ ਦਾ ਗੁਰਨਾਮ ਸਿੰਘ ਚੜੂਨੀ ਦੀ ਕਿਸਾਨ ਜੱਥੇਬੰਦੀ (ਚੜੂਨੀ) ਨਾਲ ਸਮਝੌਤਾ ਹੋਣ ਦੀ ਖ਼ਬਰ ਆ ਰਹੀ ਹੈ। ਪੰਜਾਬ ਵਿਚ ਭਾਜਪਾ ਵੱਲੋਂ ਆਪਣਾ ਆਧਾਰ ਮਜ਼ਬੂਤ ਕਰਨ ਲਈ ਹਰ ਸੰਭਵ ਯਤਨ ਕੀਤਾ ਜਾ ਰਿਹਾ ਹੈ। ਪ੍ਰਧਾਨ ਮੰਤਰੀ ਮੋਦੀ ਦੀ ਫਿਰੋਜ਼ਪੁਰ ਰੈਲੀ ਸਮੇਂ ਕਿਸਾਨ ਜੱਥੇਬੰਦੀਆਂ ਨੇ ਰੈਲੀ ਵਿਚ ਸ਼ਾਮਲ ਹੋਣ ਵਾਲਿਆਂ ਦਾ ਰਸਤਾ ਰੋਕਣ ਦਾ ਐਲਾਨ ਕਰ ਦਿੱਤਾ ਸੀ ਜਿਸ ਕਾਰਨ ਪ੍ਰਧਾਨ ਮੰਤਰੀ ਰੈਲੀ ਵਿਚ ਸ਼ਾਮਲ ਨਾ ਹੋ ਸਕੇ ਜਿਸ ਦਾ ਦੋਸ਼ ਕਿਸਾਨਾਂ ਸਿਰ ਆਉਂਦਾ ਹੈ। ਕਿਸਾਨ ਜੱਥੇਬੰਦੀਆਂ ਜੇ ਅਜਿਹਾ ਐਲਾਨ ਨਾ ਕਰਦੀਆਂ ਤਾਂ ਭਾਜਪਾ ਦੇ ਸਾਹਮਣੇ ਪੰਜਾਬ ਵਿਚਲੀ ਸਪਸ਼ਟ ਤਸਵੀਰ ਆ ਜਾਣੀ ਸੀ। ਪੰਜਾਬ ਚ ਪੰਜ ਸਾਲਾਂ ਤੋਂ ਕਾਂਗਰਸ ਦੀ ਸਰਕਾਰ ਰਹੀ ਜਿਸ ਦੀ ਅਗਵਾਈ ਸਾਢੇ ਕੁ ਚਾਰ ਸਾਲ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੀਤੀ। ਉਨ੍ਹਾਂ ਨੂੰ ਗੱਦੀ ? ਲਾਹ ਦਿੱਤਾ ਗਿਆ। ਕੈਪਟਨ ਅਮਰਿੰਦਰ ਸਿੰਘ ਨੇ ਇਸ ਬੇਇੱਜ਼ਤੀ ਨੂੰ ਨਾ ਸਹਾਰਦਿਆਂ ਨਵੀਂ ਪਾਰਟੀ ‘ਪੰਜਾਬ ਲੋਕ ਕਾਂਗਰਸ ਬਣਾ ਲਈ। ਸ੍ਰੋਮਣੀ ਅਕਾਲੀ ਦਲ ਤੋਂ ਵੱਖ ਹੋਏ ਸੁਖਦੇਵ ਸਿੰਘ ਢੀਂਡਸਾ ਨੇ ਨਵੀਂ ਪਾਰਟੀ ‘ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਬਣਾ ਲਈ। ਕੈਪਟਨ ਅਮਰਿੰਦਰ ਸਿੰਘ ਤੇ ਸੁਖਦੇਵ ਸਿੰਘ ਢੀਂਡਸਾ ਨੇ ਆਪਸ ਵਿਚ ਹੱਥ ਮਿਲਾਉਂਦਿਆਂ ਭਾਜਪਾ ਨਾਲ ਭਾਈਵਾਲੀ ਬਣਾ ਲਈ। ਮਲਕੀਤ ਸਿੰਘ ਬੀਰਮੀ ਨੇ ਪੰਜਾਬ ਲੋਕ ਹਿੱਤ ਪਾਰਟੀ ਬਣਾ ਲਈ। ਪੰਜਾਬ ਵਿਚ ਹੁਣ ਨਵੀਆਂ ਪਾਰਟੀਆਂ ਦੇ ਪ੍ਰਵੇਸ਼ ਕਰਨ ਨਾਲ ਬਹੁਕੋਣੀ ਮੁਕਾਬਲਿਆਂ ਦੇ ਆਸਾਰ ਹਨ। ਪੰਜਾਬ ਚ ਕੁਝ ਸਿਆਸੀ ਪਾਰਟੀਆਂ ਨੇ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ ਜਿਸ ਕਾਰਨ ਪਾਰਟੀ ਤੋਂ ਨਾਰਾਜ਼ ਵਿਅਕਤੀ ਦੂਜੀਆਂ ਪਾਰਟੀਆਂ ਵਿਚ ਜਾ ਰਹੇ ਹਨ। ਆਉਣ ਵਾਲੇ ਦਿਨਾਂ ਚ ਬਾਕੀ ਸਿਆਸੀ ਪਾਰਟੀਆਂ ਵੱਲੋਂ ਉਮੀਦਵਾਰਾਂ ਦੇ ਐਲਾਨ ਹੋਣ ਪਿੱਛੋਂ ਦਲਬਦਲੀ ਦੀ ਪ੍ਰਕਿਰਿਆ ਹੋਰ ਤੇਜ਼ ਹੋਵੇਗੀ। ਓਮੀਕ੍ਰੋਨ ਜ਼ੋਰ ਫੜ ਰਿਹਾ ਹੈ ਜਿਸ ਦਾ ਪ੍ਰਭਾਵ ਵੀ ਚੋਣਾਂ ਤੇ ਪੈ ਸਕਦਾ ਹੈ। ਚੋਣ ਕਮਿਸ਼ਨ ਨੇ ਪਹਿਲਾਂ ਹੀ ਉਸ ਨੂੰ ਧਿਆਨ ਵਿਚ ਰੱਖਦਿਆਂ ਪ੍ਰਚਾਰ ਪ੍ਰਕਿਰਿਆ ਤੇ ਬਹੁਤ ਸਾਰੀਆਂ ਰੋਕਾਂ ਲਾ ਦਿੱਤੀਆਂ ਹਨ।

METRO CONTRACTING LTD.

Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract




Residential & Commercial

Gurvinder Sanghera: 604-729-1435
Email: gsanghera77@gmail.com

# ਵੀਰ ਬਾਲ ਦਿਵਸ ਦੇ ਐਲਾਨ ਉੱਤੇ ਖਾਲਿਸਤਾਨ ਦਾ 'ਰਾਸ਼ਟਰਪਤੀ' ਵੀ ਖੁਸ਼

ਲੰਡਨ-ਖਾਲਿਸਤਾਨ ਦੇ ਆਪੇ ਬਣੇ ਰਾਸ਼ਟਰਪਤੀ ਸੇਵਾ ਸਿੰਘ ਲੱਲੀ 26 ਦਸੰਬਰ ਨੂੰ 'ਵੀਰ ਬਾਲ ਦਿਵਸ ਐਲਾਨ ਕਰਨ ਤੋਂ ਖ਼ੁਸ਼ ਹਨ ਤੇ ਉਨ੍ਹਾਂ ਨੇ ਨਰਿੰਦਰ ਮੋਦੀ ਦੀ ਤਾਰੀਫ ਦੇ ਪੁਲ ਬੰਨ੍ਹੇ ਹਨ। ਸੋਸ਼ਲ ਮੀਡੀਆ ਉੱਤੇ ਪਾਈ ਆਪਣੀ ਪੋਸਟ ਵਿੱਚ ਸੇਵਾ ਸਿੰਘ ਲੱਲੀ ਨੇ ਕਿਹਾ ਕਿ ਇਸ ਸਰਕਾਰ ਨੇ ਸਿੱਖ ਧਰਮ ਲਈ ਕੁਝ ਕਾਰਜ ਸ਼ੁਰੂ ਕੀਤੇ ਹਨ।, ਇਸ ਨੂੰ ਹੋਰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਸਮਝਦਾਰਾਂ ਨੂੰ ਇਸ਼ਾਰਾ ਬਹੁਤ ਹੈ। ਸੇਵਾ ਸਿੰਘ ਲੱਲੀ ਨੇ ਅੱਗੇ ਲਿਖਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਭਾਜਪਾ ਸਰਕਾਰ ਭਾਰਤ ਵਿੱਚ ਵੀਰ ਬਾਲ ਦਿਵਸ ਦੇ ਰੂਪ ਵਿੱਚ ਸਾਹਿਬਜਾਦਾ ਜੋਰਾਵਰ ਸਿੰਘ ਤੇ ਸਾਹਿਬਜ਼ਾਦਾ ਫਤਿਹ ਸਿੰਘ ਜੀ ਦੀ ਸ਼ਹਾਦਤ ਨੂੰ ਪ੍ਰਣਾਮ ਕਰਦੀ ਹੈ। ਉਨ੍ਹਾਂ ਨੇ ਲਿਖਿਆ ਕਿ ਸਾਹਿਬਜਾਦਿਆਂ ਦੇ ਬਲੀਦਾਨ ਦੇ ਇਤਿਹਾਸ ਨੂੰ ਦੇਸ਼ ਦੇ ਲੋਕ ਸਭ ਸਰਕਾਰੀ ਸੰਸਥਾਵਾਂ, ਸਕੂਲਾਂ ਅਤੇ ਕਾਲਜਾਂ ਵਿੱਚ ਪੜ੍ਹ ਸਕਣਗੇ। ਇਹ ਜ਼ਿੰਮੇਵਾਰੀ ਸਿੱਖ ਨੇਤਾਵਾਂ ਦੀ ਹੈ ਕਿ ਉਹ ਇਸ ਫੈਸਲੇ ਦਾ ਸਵਾਗਤ ਕਰਨ। ਧਿਰ ਕੈਨੇਡੀਅਨ ਸਿੱਖ ਨੇਤਾ ਰਿਪੁਦਮਨ ਸਿੰਘ ਮਲਿਕ, ਜਿਸਦਾ ਨਾਂ 1985 ਵਿੱਚ ਹੋਏ ਕਨਿਸ਼ਕਾ ਬੰਬ ਧਮਾਕੇ ਵਿੱਚ ਆ ਚੁੱਕਾ ਹੈ, ਨੇ ਵੀ ਪ੍ਰਧਾਨ ਮੰਤਰੀ ਮੋਦੀ ਦੇ ਉਕਤ ਐਲਾਨ ਲਈ ਧੰਨਵਾਦ ਕੀਤਾ ਹੈ।



# ਸਪੇਨ ਦੇ ਨਰਸਿੰਗ ਹੋਮ ਵਿਚ ਅੱਗ ਲੱਗਣ ਨਾਲ 6 ਦੀ ਮੌਤ



ਮੈਡਰਿਡ- ਸਪੇਨ ਦੇ ਇੱਕ ਨਰਸਿੰਗ ਹੋਮ ਵਿੱਚ ਅੱਗ ਲੱਗਣ ਨਾਲ ਛੇ ਲੋਕਾਂ ਦੀ ਮੌਤ ਹੋ ਗਈ। ਵੈਲੇਂਸੀਆ ਦੇ ਖੇਤਰੀ ਪ੍ਰਮੁੱਖ ਸ਼ਿਮੋ ਪੁਇਗ ਨੇ ਕਿਹਾ ਕਿ 17 ਹੋਰ ਲੋਕ ਹਸਪਤਾਲ ਵਿੱਚ ਭਰਤੀ ਹਨ, ਜਿਨ੍ਹਾਂ ਵਿੱਚੋਂ ਤਿੰਨ ਦੀ ਹਾਲਤ ਗੰਭੀਰ ਹੈ। ਫਾਇਰ ਬ੍ਰਿਗੇਡ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਨੇ ਵੈਲੇਂਸੀਆ ਦੇ ਉਤਰ ਵਿੱਚ ਮੋਂਕਾਡਾ ਨਗਰ ਪਾਲਿਕਾ ਦੇ ਨਰਸਿੰਗ ਹੋਮ ਤੋਂ ਕੱਢੇ ਗਏ ਕੁੱਲ 70 ਮਰੀਜ਼ਾਂ ਵਿੱਚੋਂ 25 ਲੋਕਾਂ ਨੂੰ ਬਚਾਇਆ ਹੈ। ਅਧਿਕਾਰੀਆਂ ਨੇ ਅੱਗ ਲੱਗਣ ਦਾ ਕਾਰਨ ਨਹੀਂ ਦੱਸਿਆ। ਪ੍ਰਧਾਨ ਮੰਤਰੀ ਪੇਡਰੋ ਸਾਂਚੇਜ ਨੇ ਘਟਨਾ ਦੇ ਸ਼ਿਕਾਰ ਲੋਕਾਂ ਦੇ ਪਰਵਾਰਕ ਮੈਂਬਰਾਂ ਨਾਲਹਮਦਰਦੀ ਪ੍ਰਗਟ ਕੀਤੀ ਹੈ। ਸਾਂਚੇਜ ਨੇ ਟਵੀਟ ਕੀਤਾ, 'ਮੋਂਕਾਡਾ ਦੀ ਮਾੜੀ ਖ਼ਬਰ ਮਿਲੀ। ਪੀੜਤਾਂ ਦੇ ਪਰਵਾਰਕ ਮੈਂਬਰਾਂ ਨਾਲ ਮੇਰੀ ਹਮਦਰਦੀ ਹੈ। ਅਸੀਂ ਜ਼ਖਮੀਆਂ ਦੇ ਜਲਦ ਠੀਕ ਹੋਣ ਦੀ ਅਰਦਾਸ ਕਰਦੇ ਹਾਂ। ਪਰਵਾਰਕ ਮੈਂਬਰਾਂ ਅਤੇ ਸ਼ਹਿਰ ਨੂੰ ਹਰਸੰਭਵ ਮਦਦ ਦਿੱਤੀ ਜਾਵੇਗੀ।' ਮੋਂਕਾਡਾ ਵਿੱਚ ਨਗਰ ਨਿਗਮ ਅਧਿਕਾਰੀਆਂ ਨੇ ਤਿੰਨ ਦਿਨਾਂ ਦੇ ਅਫਸੋਸ ਦਾ ਐਲਾਨ ਕੀਤਾ ਅਤੇ ਟਾਊਨ ਹਾਲ ਦੀ ਇਮਾਰਤ ਉੱਤੇ ਝੰਡਾ ਅੱਧਾ ਝੁਕਾ ਦਿੱਤਾ ਅਤੇ ਦੁਪਹਿਰ ਸਮੇਂ ਪੀੜਤਾਂ ਲਈ ਇੱਕ ਮਿੰਟ ਦਾ ਮੌਨ ਰੱਖਿਆ।

# ਆਬੂ ਧਾਬੀ ਏਅਰਪੋਰਟ ਨੇੜੇ ਧਮਾਕੇ ਵਿਚ ਦੋ ਭਾਰਤੀਆਂ ਸਣੇ ਤਿੰਨ ਮੌਤਾਂ

ਦੁਬਈ-ਸੰਯੁਕਤ ਅਰਬ ਅਮੀਰਾਤ (ਯੂ ਏ ਈ) ਉੱਤੇ ਯਮਨ ਦੇ ਹਾਊਦੀ ਬਾਗ਼ੀਆਂ ਨੇ ਵੱਡਾ ਹਮਲਾ ਕੀਤਾ ਹੈ, ਜਿਸ ਵਿੱਚ ਚੋਖਾ ਨੁਕਸਾਨ ਹੋਣ ਦੀ ਖਬਰ ਹੈ। ਮਿਲੀ ਜਾਣਕਾਰੀ ਮੁਤਾਬਕ ਆਬੂ ਧਾਬੀ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਨਵੇਂ ਨਿਰਮਾਣ ਸਥਾਨ ਉੱਤੇ ਕੱਲ੍ਹ ਦੋ ਜ਼ੋਰਦਾਰ ਧਮਾਕੇ ਹੋਏ। ਡਰੋਨ ਰਾਹੀਂ ਕੀਤੇ ਇਨ੍ਹਾਂ ਹਮਲਿਆਂ ਦੀ ਜਿਲ੍ਹੇਵਾਰੀ ਈਰਾਨ ਦੇ ਸਮਰਥਕ ਹਾਊਦੀ ਬਾਗ਼ੀਆਂ ਨੇ ਲਈ ਹੈ। ਸਰਕਾਰੀ ਖ਼ਬਰ ਏਜੰਸੀ ਮੁਤਾਬਕ ਆਬੂਧਾਬੀ ਵਿੱਚ ਸ਼ੱਕੀ ਡਰੋਨ ਹਮਲੇ ਵਿੱਚ ਇੱਕ ਪ੍ਰਮੁੱਖ ਤੇਲ ਸਟੋਰੇਜ਼ ਨੇੜੇ ਇੱਕ ਤੇਲ ਟੈਂਕਰ ਵਿੱਚ ਧਮਾਕਾ ਹੋਇਆ ਜਿਸ'ਚ ਦੋ ਭਾਰਤੀਆਂ ਅਤੇ ਇੱਕ ਪਾਕਿਸਤਾਨੀ ਦੀ ਮੌਤ ਹੋ ਗਈ ਅਤੇ ਛੇ ਜ਼ਖ਼ਮੀ ਹੋ ਗਏ। ਪੁਲਸ ਨੇ ਪਹਿਲਾਂ ਕਿਹਾ ਸੀ ਕਿ ਆਬੂਧਾਬੀ ਵਿੱਚ ਤਿੰਨ ਤੇਲ ਟੈਂਕਰਾਂ ਵਿੱਚ ਧਮਾਕੇ ਅਤੇ ਅਮੀਰਾਤ ਦੇ ਨਵੇਂ ਹਵਾਈ ਅੱਡੇ ਦੇ ਵਾਧੇ ਦੇ ਨਿਰਮਾਣ ਸਥਾਨ ਵਿੱਚ ਅੱਗ ਸੰਭਾਵੀ ਤੌਰ ਉੱਤੇ ਡਰੋਨਾਂ ਕਾਰਨ ਲੱਗੀ ਸੀ। ਸਥਾਨਕ ਮੀਡੀਆ ਦਾ ਕਹਿਣਾ ਹੈ ਕਿ ਤਿੰਨਾਂ ਤੇਲ ਟੈਂਕਰਾਂ ਵਿੱਚ ਸਭ ਤੋਂ ਪਹਿਲਾਂ ਮੁਸਾਫ਼ਾ ਇਲਾਕੇ ਵਿੱਚ ਧਮਾਕਾ ਹੋਇਆ। ਹਾਊਦੀ ਸੰਗਠਨ ਨਾਲ ਜੁੜੇ ਇੱਕ ਟਵਿੱਟਰ ਅਕਾਊਂਟ ਦੀ ਪੋਸਟ ਅਨੁਸਾਰ ਹਾਊਦੀ ਅਗਲੇ ਦਿਨਾਂ ਵਿੱਚ ਯੂ ਏ ਈ ਵਿੱਚ ਵੱਡੀ ਫ਼ੌਜੀ ਕਾਰਵਾਈ ਦੀ ਯੋਜਨਾ ਬਣਾ ਰਹੇ ਹਨ। ਸਾਊਦੀ ਅਰਬ ਤੋਂ ਬਾਅਦ ਹਾਊਦੀ ਬਾਗ਼ੀਆਂ ਨੇ ਯੂ ਏ ਈ ਉੱਤੇ ਹਮਲੇ ਸ਼ੁਰੂ ਕਰ ਦਿੱਤੇ ਹਨ। ਪਤਾ ਲੱਗਾ ਹੈ ਕਿ ਦੋਵਾਂ ਥਾਵਾਂ ਉੱਤੇ ਅੱਗ ਉਤੇ ਕਾਬੂ ਪਾ ਲਿਆ ਗਿਆ ਹੈ। ਹਮਲੇ ਨਾਲ ਹਵਾਈ ਆਵਾਜਾਈ ਪ੍ਰਭਾਵਤ ਨਹੀਂ ਹੋਈ ਅਤੇ ਨਾ ਕਿਸੇ ਤਰ੍ਹਾਂ ਦਾ ਕੋਈ ਵੱਡਾ ਨੁਕਸਾਨ ਹੋਇਆ ਹੈ।

# ਨਕਲੀ ਸੂਰਜ ਤੋਂ ਬਾਅਦ ਚੀਨ ਨੇ ਨਕਲੀ ਚੰਨ ਵੀ ਬਣਾਇਆ

ਬੀਜਿੰਗ-ਨਕਲੀ ਸੂਰਜ ਬਣਾਉਣ ਤੋਂ ਬਾਅਦ ਚੀਨ ਨੇ ਨਕਲੀ ਚੰਨ ਵੀ ਬਣਾ ਲਿਆ ਹੈ। ਨਕਲੀ ਚੰਨ ਬਣਾਉਣ ਦੇ ਪਿੱਛੇ ਗਰੈਵਿਟੀ ਫੋਰਸ ਨਾਲ ਸਬੰਧਤ ਪ੍ਰਯੋਗ ਕਰਨਾ ਸੀ, ਜਿਸ ਵਿੱਚ ਨਕਲੀ ਚੰਨ ਤੋਂ ਗ੍ਰੈਵਿਟੀ ਪੂਰੀ ਤਰ੍ਹਾਂ ਖ਼ਤਮ ਹੋ ਜਾਂਦੀ ਹੈ। ਇਸ ਵਿੱਚ ਚੁੰਬਕੀ ਸ਼ਕਤੀ ਦਾ ਟੈਸਟ ਕੀਤਾ ਗਿਆ ਤਾਂ ਜੋ ਭਵਿੱਖ ਵਿੱਚ ਚੁੰਬਕੀ ਸ਼ਕਤੀ ਨਾਲ ਚੱਲਦੇ ਯਾਨ ਅਤੇ ਆਵਾਜਾਈ ਦੇ ਨਵੇਂ ਢੰਗ ਲੱਭੇ ਜਾਣ ਅਤੇ ਚੰਨ ਉੱਤੇ ਇਨਸਾਨੀ ਬਸਤੀ ਬਣ ਸਕੇ। ਪਤਾ ਲੱਗਾ ਹੈ ਕਿ ਚੀਨ ਦੇ ਵਿਗਿਆਨੀਆਂ ਨੇ ਇਹ ਹਾਲੇ ਛੋਟਾ ਜਿਹਾ ਪ੍ਰਯੋਗ ਕੀਤਾ ਹੈ। ਇਸ ਮਗਰੋਂ ਇਸ ਸਾਲ ਦੇ ਅਖ਼ੀਰ ਤਕ ਇੱਕ ਤਾਕਤਵਰ ਚੁੰਬਕੀ ਸ਼ਕਤੀ ਵਾਲਾ ਵੈਕਊਮ ਚੈਂਬਰ ਬਣਾਏਗਾ, ਜਿਸ ਦਾ ਡਾਇਆਮੀਟਰ ਦੋ ਫ਼ੁਟ ਦਾ ਹੋਵੇਗਾ ਤਾਂ ਜੋ ਇਸ ਵਿੱਚੋਂਗਰੈਵਿਟੀ ਫੋਰਸ ਪੂਰੀ ਤਰ੍ਹਾਂ ਖ਼ਤਮ ਕਰ ਕੇ ਡੱਡੂ ਨੂੰ ਹਵਾ ਵਿੱਚ ਉਡਾਇਆ ਜਾ ਸਕੇ। ਹਾਲਾਂਕਿ ਡੱਡੂ ਨੂੰ ਅਜਿਹੇ ਵੈਕਊਮ ਚੈਂਬਰ ਵਿੱਚ ਪਹਿਲਾਂ ਵੀ ਲੈਵਿਟੇਟ ਕਰਾਇਆ ਜਾ ਚੁੱਕਾ ਹੈ। ਚਾਈਨਾ ਯੂਨੀਵਰਸਿਟੀ ਆਫ਼ ਮਾਈਨਿੰਗ ਐਂਡ ਤਕਨਾਲੋਜੀ ਦੇ ਜਿਉਟੈਕਨੀਕਲ ਇੰਜੀਨੀਅਰ ਲਈ ਰੂਈਲਿਨ ਨੇ ਕਿਹਾ ਕਿ ਚੰਨ ਦੇ ਧਰਾਤਲਵਾਂਗ ਹੀ ਇਸ ਵੈਕਊਮ ਚੈਂਬਰ ਨੂੰ ਪੱਥਰਾਂ ਅਤੇ ਧੂੜ ਨਾਲ ਭਰ ਦਿੱਤਾ ਜਾਵੇਗਾ। ਚੰਨ ਦਾ ਅਜਿਹਾ ਧਰਾਤਲ ਪਹਿਲੀ ਵਾਰ ਧਰਤੀ ਉੱਤੇ ਬਣਾਇਆ ਜਾਵੇਗਾ। ਇਸ ਦਾ ਛੋਟਾ ਪ੍ਰਯੋਗ ਅਸੀਂ ਕਰ ਚੁੱਕੇ ਹਾਂ ਜੋ ਸਫ਼ਲ ਰਿਹਾ, ਪਰ ਅਗਲੇ ਪ੍ਰਯੋਗ ਵਿੱਚ ਘੱਟ ਗੁਰਤਾ ਸ਼ਕਤੀ ਲੰਮੇ ਸਮੇਂ ਤਕ ਬਣਾਈ ਰੱਖਣ ਲਈ ਇਸ ਪ੍ਰਯੋਗ ਨੂੰ ਜ਼ਿਆਦਾ ਦਿਨ ਚਲਾਉਣ ਦੀ ਯੋਜਨਾ ਹੈ।



AMA CONCRETE
Commercial & Residential
• Placing Pumping & Finishing
• Foundation Floors
• Smooth Finishing
• Exposed Broom Finishing
• Stamped Concrete
ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ
ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ
Sodhi: 604-518-4389 | Harjeet: 604-613-0472

J & S Insulation & Rebar Ltd.



Residential & Commercial
Batt Insulation, Rigid Insulation, Insulate Sprinkler, Slab Insulation, Rebar, Poly, Styrofoam
Quality Work, Free Estimates
Best Price
Sarbjit: 604.841.9849

SKY BLUE DRYWALL LTD.
Residential & Commercial
T-Bar
Steel Stud
Boarding
Taping
Ceiling Texture
Renovation
Quality Work
Free Estimates



Daljit Singh
778-549-3605
E: singh.mand@icloud.com



# ‘ਪੁਸ਼ਪਾ’ ਦੇ ਹਿੱਟ ਹੁੰਦੇ ਹੀ ਰਸ਼ਮਿਕਾ ਨੇ ਵਧਾਈ ਫੀਸ

ਅੱਲੂ ਅਰਜੁਨ ਅਤੇ ਨੈਸ਼ਨਲ ਕ੍ਰੱਸ਼ ਕਹੀ ਜਾਂਦੀ ਰਸ਼ਮਿਕਾ ਮੰਦਾਨਾ ਦੀ ਫਿਲਮ ‘ਪੁਸ਼ਪਾ : ਦ ਰਾਈਜ਼ ਸੁਪਰਹਿੱਟ ਫਿਲਮ ਰਹੀ ਹੈ। ਇਸ ਫਿਲਮ ਨੇ ਬਾਕਸ ਆਫਿਸ ਉੱਤੇ ਖੂਬ ਧਮਾਕਾ ਕੀਤਾ ਹੈ। ਇਸ ਪੈਨ ਇੰਡੀਆ ਫਿਲਮ ਨੂੰ ਪੂਰੇ ਭਾਰਤ ਤੋਂ ਭਰਪੂਰ ਪਿਆਰ ਮਿਲਿਆ ਹੈ। ਅੱਲੂ ਅਰਜੁਨ ਨੇ ਸਾਰਿਆਂ ਦਾ ਦਿਲ ਜਿੱਤਿਆ ਹੀ ਹੈ, ਨਾਲ ਦਰਸ਼ਕ ਰਸ਼ਮਿਕਾ ਮੰਦਾਨਾ ਦੀ ਪ੍ਰਫਾਰਮੈਂਸ ਉੱਤੇ ਫਿਦਾ ਹੋ ਗਏ ਹਨ। ਫਿਲਮ ਦਾ ਦੂਸਰਾ ਪਾਰਟ ਵੀ ਆਉਣ ਵਾਲਾ ਹੈ, ਜਿਸ ਦਾ ਨਾਂਅ ਹੈ ‘ਪੁਸ਼ਪਾ-ਦ ਰੂਲ ਪਰ ਖਬਰਾਂ ਆਈਆਂ ਕਿ ਦੂਸਰੇ ਪਾਰਟ ਤੋਂ ਪਹਿਲਾਂ ਫਿਲਮ ਦੀ ਲੀਡ ਅਭਿਨੇਤਰੀ ਰਸ਼ਮਿਕਾ ਮੰਦਾਨਾ ਨੇ ਆਪਣੀ ਫੀਸ ਵਧਾ ਦਿੱਤੀ ਹੈ ਕਿਉਂਕਿ ਪਹਿਲੀ ਫਿਲਮ ਨੇ ਝੰਡੇ ਗੱਡ ਦਿੱਤੇ ਹਨ।




ਸੂਤਰਾਂ ਦੀ ਮੰਨੀਏ ਤਾਂ ਰਸ਼ਮਿਕਾ ਨੇ ‘ਪੁਸ਼ਪਾ ਦੇ ਪਹਿਲੇ ਪਾਰਟ ਲਈ ਦੋ ਕਰੋੜ ਰੁਪਏ ਲਏ ਹਨ ਅਤੇ ਅੱਗੋਂ ਉਸ ਨੇ ਮੇਕਰਸ ਤੋਂ ਅਗਲੇ ਪਾਰਟ ਲਈ ਤਿੰਨ ਕਰੋੜ ਤੋਂ ਛੇ ਕਰੋੜ ਦੀ ਡਿਮਾਂਡ ਕੀਤੀ ਹੈ। ਖਬਰ ਹੈ ਕਿ ਮੇਕਰਸ ਨੇ ਇਸ ਫੀਸ ਲਈ ਹਾਂ ਕਰ ਦਿੱਤੀ ਹੈ, ਜੇ ਅਜਿਹਾ ਹੁੰਦਾ ਹੈ ਤਾਂ ਇਹ ਰਸ਼ਮਿਕਾ ਦੇ ਕਰੀਅਰ ਦੀ ਅਜੇ ਤੱਕ ਦੀ ਸਭ ਤੋਂ ਮਹਿੰਗੀ ਫੀਸ ਹੋਵੇਗੀ। ਦੱਸਣਾ ਬਣਦਾ ਹੈ ਕਿ ਅੱਲੂ ਅਰਜੁਨ ਦੀ ‘ਪੁਸ਼ਪਾ ਨੂੰ ਸੁਕੁਮਾਰ ਨੇ ਡਾਇਰੈਕਟ ਕੀਤਾ ਹੈ। ਉਸ ਨੇ ਐਲਾਨ ਕਰ ਦਿੱਤਾ ਹੈ ਕਿ ‘ਪੁਸ਼ਪਾ : ਦ ਰੂਲ ਦੀ ਸ਼ੂਟਿੰਗ ਉਹ ਫਰਵਰੀ ਵਿੱਚ ਸ਼ੁਰੂ ਕਰ ਦੇਣਗੇ ਅਤੇ ਕੋਸ਼ਿਸ਼ ਕਰਨਗੇ ਕਿ ਫਿਲਮ ਨੂੰ 2022 ਦੇ ਅਖੀਰ ਤੱਕ ਰਿਲੀਜ਼ ਕਰ ਦਿੱਤਾ ਜਾਏਗਾ। ?ਧਰ ਰਸ਼ਮਿਕਾ ਦੇ ਬਾਕੀ ਵਰਕ ਫਰੰਟ ਵਿੱਚੋਂ ‘ਪੁਸ਼ਪਾ 2 ਦੇ ਇਲਾਵਾ ਉਹ ਬਾਲੀਵੁੱਡ ਵਿੱਚ ਡੇਬਿਊ ਕਰ ਰਹੀ ਹੈ। ਉਹ ਸਿਧਾਰਥ ਮਲਹੋਤਰਾ ਦੇ ਨਾਲ ਫਿਲਮ ‘ਮਿਸ਼ਨ ਮਜਨੂੰ ਵਿੱਚ ਨਜ਼ਰ ਆਏਗੀ। ਇਸ ਦੇ ਇਲਾਵਾ ਅਭਿਨੇਤਰੀ ਬਾਲੀਵੁੱਡ ਫਿਲਮ ‘ਗੁਡਬਾਇ’ ਦਾ ਵੀ ਹਿੱਸਾ ਰਹੇਗੀ।

HOMELAND MORTGAGE CORP.

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)

Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839

# ‘ਦਿ ਲੇਡੀ ਕਿਲਰ’ ਦੀ ਮੁੱਖ ਅਦਾਕਾਰਾ ਹੈ ਭੂਮੀ ਪੇਡਨੇਕਰ

ਫਿਲਮ ‘ਦਿ ਲੇਡੀ ਕਿਲਰ’ ਦੀ ਮੁੱਖ ਭੂਮਿਕਾ ਭੂਮੀ ਪੇਡਨੇਕਰ ਨੇ ਕੀਤੀ ਹੈ। ਅਰਜੁਨ ਕਪੂਰ ਅਭਿਨੀਤ ਫਿਲਮ ਦਾ ਨਿਰਦੇਸ਼ਨ ਭੂਸ਼ਣ ਕੁਮਾਰ ਤੇ ਸ਼ੈਲੇਸ਼ ਆਰ ਸਿੰਘ ਕਰਨਗੇ। ਫਿਲਮ ਦਾ ਨਿਰਦੇਸ਼ਨ ਅਜੈ ਬਹਿਲ ਕਰਨਗੇ। ਭੂਸ਼ਣ ਕੁਮਾਰ, ਮੈਨੇਜਿੰਗ ਡਾਇਰੈਕਟਰ ਅਤੇ ਚੇਅਰਮੈਨ ਟੀ ਸੀਰੀਜ਼ ਦਾ ਕਹਿਣਾ ਹੈ, “ਅਸੀਂ ‘ਦਿ ਲੇਡੀ ਕਿਲਰ ਦੀ ਟੀਮ ਵਿੱਚ ਭੂਮੀ ਪੇਡਨੇਕਰ ਨੂੰ ਲੈ ਕੇ ਬਹੁਤ ਉਤਸ਼ਾਹਤ ਹਾਂ। ਅਰਜੁਨ ਕਪੂਰ ਦੀ ਸ਼ੈਲੀ ਅਤੇ ਸ਼ਖਸੀਅਤ ਨਾਲ ਭੂਮੀ ਦੀ ਬਹੁਪੱਖੀ ਪ੍ਰਤਿਭਾ ਦਾ ਸ਼ਾਨਦਾਰ ਸੁਮੇਲ ਹੈ, ਇਸ ਸਸਪੈਂਸ ਡਰਾਮਾ ਫਿਲਮ ਵਿੱਚ ਅਜੈ ਦੇ ਵਿਜ਼ਨ ਦੇ ਨਾਲ ਨਵੀਂ ਜੋੜੀ ਦੀ ਕੈਮਿਸਟਰੀ ਯਕੀਨਨ ਹੀ ਦੇਖਣ ਵਾਲੀ ਹੋਵੇਗੀ। ਭੂਮੀ ਪੇਡਨੇਕਰ ਦਾ ਕਹਿਣਾ ਹੈ ਕਿ ਨਵੀਆਂ ਅਤੇ ਚੁਣੌਤੀਪੂਰਨ ਚੀਜ਼ਾਂ ਨੇ ਹਮੇਸ਼ਾ ਮੈਨੂੰ ਉਤਸ਼ਾਹਤ ਕੀਤਾ ਹੈ ਅਤੇ ‘ਦਿ ਲੇਡੀ ਕਿਲਰ ਨੇ ਸ਼ੁਰੂ ਤੋਂ ਹੀ ਮੈਨੂੰ ਆਕਰਸ਼ਿਤ ਕੀਤਾ ਹੈ। ਨਿਰਮਾਤਾ ਸ਼ੈਲੇਸ਼ ਕੁਮਾਰ ਸਿੰਘ ਦਾ ਕਹਿਣਾ ਹੈ ਕਿ ਭੂਮੀ ਪੇਡਨੇਕਰ ਇੱਕ ਪ੍ਰਤਿਭਾਸ਼ਾਲੀ ਅਭਿਨੇਤਰੀ ਹੈ ਅਤੇ ‘ਦਿ ਲੇਡੀ ਕਿਲਰ ਲਈ ਸਹੀ ਮਾਹੌਲ ਅਤੇ ਸੁਆਦ ਲਿਆਉਂਦੀ ਹੈ। ਫਿਲਮ ਦੇ ਨਿਰਦੇਸ਼ਕ ਅਜੈ ਬਹਿਲ ਦਾ ਕਹਿਣਾ ਹੈ ਕਿ ਮੈਂ ਬਹੁਤ ਖੁਸ਼ ਹਾਂ ਕਿ ਅਰਜੁਨ ਕਪੂਰ ਅਤੇ ਭੂਮੀ ਪੇਡਨੇਕਰ ਇਸ ਫਿਲਮ ਦਾ ਹਿੱਸਾ ਹਨ।



TSM GALLERY

High quality artwork for your home or business, religious or public places.
We specialize in all kind of wallpaper installation.

Tejpal Singh Mann (Artist)
778-885-2197

9353 120st Delta BC (By Appointment)

Mehndi(henna), Jagua, Airbrush Body Art, Temporary Tattoo.
Learn in your spare time,
Earn extra income gain friends
Training available.

www.tsmgallery.ca | www.jollyarts.ca



# ਮੈਨੂੰ ਖੁਦ ਉੱਤੇ ਮਾਣ ਹੈ-ਰੀਆ ਚੱਕਰਵਰਤੀ

ਬੀਤੇ ਸਾਲ ਸੁਸ਼ਾਂਤ ਦੀ ਆਤਮਹੱਤਿਆ ਤੋਂ ਬਾਅਦ ਵਿਵਾਦਾਂ ਵਿੱਚ ਰਹੀ ਉਸ ਦੀ ਗਰਲ ਫਰੈਂਡ ਅਤੇ ਅਭਿਨੇਤਰੀ ਰੀਅ ਚੱਕਰਵਰਤੀ ਇਨ੍ਹੀਂ ਦਿਨੀਂ ਸੋਸ਼ਲ ਮੀਡੀਆ ਉੱਤੇ ਕਾਫੀ ਐਕਟਿਵ ਹੋ ਚੁੱਕੀ ਹੈ। ਉਸ ਨੇ ਕਾਫੀ ਬੁਰੇ ਹਾਲਾਤਾਂ ਦਾ ਸਾਹਮਣਾ ਕਰਨ ਦੇ ਬਾਅਦ ਜ਼ਿੰਦਗੀ ਵਿੱਚ ਮੁੜ ਤੋਂ ਮਜ਼ਬੂਤੀ ਨਾਲ ਅੱਗੇ ਵਧਣਾ ਸ਼ੁਰੂ ਕਰ ਦਿੱਤਾ ਹੈ। ਹਾਲ ਹੀ ਵਿੱਚ ਉਸ ਨੇ ਆਪਣਾ ਮਨੋਬਲ ਵਧਾਉਣ ਵਾਲੀ ਇੱਕ ਪੋਸਟ ਸ਼ੇਅਰ ਕੀਤੀ ਹੈ। ਰੀਆ ਨੇ ਇੰਸਟਾਗ੍ਰਾਮ ਉੱਤੇ ਇੱਕ ਵੀਡੀ? ਸ਼ੇਅਰ ਕੀਤੀ, ਜਿਸ ਵਿੱਚ ਉਹ ਡਾਇਰੀ ਵਿੱਚ ਆਪਣੇ ਹੱਥਾਂ ਨਾਲ ਨੋਟ ਲਿਖਦੀ ਨਜ਼ਰ ਆਈ ਹੈ। ਇਸ ਦੇ ਵੀਡੀ? ਦੇ ਬੈਕਗਰਾਊਂਡ ਵਿੱਚ ਉਸ ਨੂੰ ਕਹਿੰਦੇ ਸੁਣਿਆ ਜਾ ਸਕਦਾ ਹੈ, "ਪ੍ਰਿਯ ਮੈਂ, ਮੇਰੇ ਨਾਲ ਰਹਿਣ ਲਈ ਧੰਨਵਾਦ। ਦਿਆਲੂ, ਮਜ਼ਬੂਤ, ਧੀਰਜਵਾਨ ਅਤੇ ਲਚਕੀਲਾ ਹੋਣ ਲਈ ਧੰਨਵਾਦ। ਮੈਨੂੰ ਉਸ ਮਹਿਲਾ ਉੱਤੇ ਮਾਣ ਹੈ, ਜੋ ਤੁਸੀਂ ਬਣ ਗਏ ਹੋ ਤੇ ਮੈਂ ਹਮੇਸ਼ਾ ਤੁਹਾਡੇ ਨਾਲ ਹਾਂ। ਤਾਂ ਸਿਰ ਉੱਚਾ ਕਰੋ ਬੇਬੀ ਗਰਲ। ਤੁਸੀਂ ਆਪਣੇ ਖੁਦ ਦਾ ਸਭ ਤੋਂ ਚੰਗਾ ਸਹਾਰਾ ਹੋ। ਇੱਕ ਵਾਰ ਜਦੋਂ ਤੁਸੀਂ ਖੁਦ ਨੂੰ ਪਾ ਲੈਂਦੇ ਹੋ ਤਾਂ ਜਿੱਤ ਤੁਹਾਡੀ ਪੱਕੀ ਹੈ। ਤੁਸੀਂ ਮੈਨੂੰ ਮੁਸਕਰਾਉਂਦੇ ਅਤੇ ਹੱਸਦੇ ਹੋਏ ਦੇਖ ਰਹੇ ਹੋ, ਪਰ ਇੱਥੋਂ ਤੱਕ ਪਹੁੰਚਣਾ ਸੌਖਾ ਨਹੀਂ ਸੀ, ਜੋ ਤੁਹਾਨੂੰ ਨਹੀਂ ਤੋੜਦਾ ਉਹ ਤੁਹਾਨੂੰ ਮਜ਼ਬੂਤ ਬਣਾਉਂਦਾ ਹੈ।"



MORTGAGE
If you are paying more than
1.30%*
(5 Years VIRM 30 Years Ammortization)
Call us NOW to Lower your Rate!
RAJ GILL HAS "NO STRESS MORTGAGE"
Superior Mortgage
Unit 244-8138-128 Street, Surrey
604 507 1000
Our Symbol of Care & Service



Manulife Reduced 13% Term Rates For Limited Time
www.KaliaFinancial.com
Kalia Insurance and Financial Services
Sudesh K. Kalia 604.728.6740 KFinancial@shaw.ca
Individual & Business Life Disability, Critical & Long Care Term Insurance, Supervisa Medical Insurance



Sudesh Kalia 604-728-6740

ਸ਼ੋਰ ਸਾਈਡ ਫਿਸ਼ ਕੈਨਰੀ




ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ
ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
PHONE: 604-244-1118
FAX: 604-270-3075
ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

TRANSource FREIGHTWAYS

# Pin to Pin (ਯਾਰਡ ਤੋਂ ਯਾਰਡ)

## ਕੰਮ ਲਈ Drivers and Owner Operators ਚਾਹੀਦੇ ਹਨ।

## ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ




## ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

**SUKHBIR SINGH:604-525-0527 Ext 112**

ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ

ਸ਼ਨੀਵਾਰ: 604–808–9805

Email:safety@transourcegreightways.com


Practice Social Distancing
Please wear a face mask or face covering before entry
fruiticana hee jaana!
Your one and only Surrey owned Punjabi store
ਸਰੀ ਦਾ ਹਰਮਨ ਪਿਆਰਾ ਤੁਹਾਡਾ ਆਪਣਾ ਇਕੋ ਇਕ ਪੰਜਾਬੀ ਸਟੋਰ
LOWEST PRICES IN TOWN
ਸ਼ਹਿਰ ਦੇ ਸੱਭ ਤੋਂ ਘੱਟ ਦਾਮ
Extra Extra Super Special
Golden Temple Flour 20 lbs
ਗੋਲਡਨ ਟੈਂਪਲ ਆਟਾ
$9.98 bag
Extra Super Super Special
Roma Tomatoes
ਰੋਮਾ ਟਮਾਟਰ
99¢ lb
Extra Super Super Special
Yellow Onions 50 lbs
ਪੀਲੇ ਗੰਢੇ
$11.99 bag
Super Special
Daikon (Mooli)
ਮੂਲੀ
99¢ lb
Super Special
Indian Eggplants (Baby Eggplants)
ਦੇਸੀ ਬਤਾਊਂ
$1.29 lb
Super Special
Maggi Masala Noodles 70 g
ਮੈਗੀ ਮਸਾਲਾ ਨੂਡਲਸ
35¢ ea.
Super Special
Punjabi Pure Cane Sugar (Indican) 8 lbs
ਇੰਡੀਕੇਨ ਪੰਜਾਬੀ ਗੰਨੇ ਦੀ ਚਿੱਟੀ ਖੰਡ
$4.99 bag
Super Special
Pink Lady Apples USA #1
ਪੀਂਕ ਲੇਡੀ ਐਪਲ ਯੂ.ਐਸ.ਏ #੧
98¢ lb
Super Special
Almonds Supreme #1
ਬਦਾਮ ਪ੍ਰੀਮੀਯਮ ਸਾਈਜ਼ ੧
$4.49 lb
Cilantro
ਧਨੀਆ
2 bunches for $1.50
Russet Potatoes 10 lbs
ਆਲੂ ਰਸਟ ਸਨੋਬੁਆਏ
$3.49 bag
Long Eggplants
ਲੰਬੇ ਬਤਾਊਂ
$1.29 lb
Large Seedless Oranges
ਵੱਡੇ ਸੰਤਰੇ (ਬਿਨਾਂ ਬੀਜ ਤੋਂ)
98¢ lb
Fresh Garlic
ਤਾਜ਼ਾ ਲਸਣ
$1.49 lb
Fresh Ginger
ਤਾਜ਼ਾ ਅਦਰਕ
$1.49 lb
Fresh Methi
ਤਾਜ਼ਾ ਮੇਥੀ
$1.69 bunch
Turnip Purple Top
ਜਾਮਣੀ ਸ਼ਲਗਮ
99¢ lb
Chickpeas 4 lbs Indican
ਇੰਡੀਕੇਨ ਚਿੱਟੇ ਛੋਲੇ
$3.99 bag
Indican Almond Oil 1 L
ਇੰਡੀਕੇਨ ਬਦਾਮ ਦਾ ਤੇਲ
$12.99 bottle
Punjabi Cookies New Crunch & Indican 2.2 lbs
ਪੰਜਾਬੀ ਕੁਕੀਜ਼ ਨਵੀਂ ਕ੍ਰੰਚ ਅਤੇ ਇੰਡੀਕੇਨ
$5.99 pkg.
Green Elaichi (Cardamom) S.G
ਹਰੀ ਇਲਾਇਚੀ (ਐੱਸ. ਜੀ)
$18.99 lb
Pesi Gur Plain
ਪੇਸ਼ੀ ਗੁੜ
$2.49 lb
Product images may differ from the actual product.
Fri Jan 21, 2022 - Wed Jan 26, 2022
We reserve the right to limit the quantities while they last
Specials valid for Lower Mainland only
Head Office: 7676 Anvil Way, Surrey
604-502-0005
www.fruiticana.com
fruiticana SINCE 1994
NEW LOCATION NOW OPEN
#160 – 2463 HIGHWAY 97
NORTH KELOWNA
PH: (250) 448-7809
BUSINESS HOURS
9 AM - 8 PM
7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. --------------- 236-317-6272
Surrey ----------- 12990 72nd Ave. ------------ 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. --------------- 604-372-2023
Surrey ----------- 101-7228 192St. ------------- 604-575-3750
New Westminster 101-331 6th St. -------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. -------------- 604-321-9931
Richmond-------- 4101 No.5 Rd. ---------------- 604-244-9520